**ਜਮਾਤ:9ਵੀਂ ਪਾਠ:ਸੰਖਿਆ ਪ੍ਰਣਾਲੀ**

1.ਹੇਠਾਂ ਦਿੱਤੇ ਕਥਨ ਸਹੀ ਹਨ ਜਾਂ ਗਲਤ ?

(i)ਹਰੇਕ ਪੂਰਨ ਸੰਖਿਆ ਇੱਕ ਪ੍ਰਾਕ੍ਰਿਤਿਕ ਸੰਖਿਆ ਹੁੰਦੀ ਹੈ।

(ii)ਹਰੇਕ ਸੰਪੂਰਨ ਸੰਖਿਆ ਇੱਕ ਪਰਿਮੇਯ ਸੰਖਿਆ ਹੁੰਦੀ ਹੈ।

(iii)ਹਰੇਕ ਪਰਿਮੇਯ ਸੰਖਿਆ ਇੱਕ ਸੰਪੂਰਨ ਸੰਖਿਆ ਹੁੰਦੀ ਹੈ।

(iv)ਹਰੇਕ ਪਾਕ੍ਰਿਤਿਕ ਸੰਖਿਆ ਇੱਕ ਪੂਰਨ ਸੰਖਿਆ ਹੁੰਦੀ ਹੈ।

(v)ਹਰੇਕ ਸੰਪੂਰਨ ਸੰਖਿਆ ਇੱਕ ਪੂਰਨ ਸੰਖਿਆ ਹੁੰਦੀ ਹੈ।

(vi)ਹਰੇਕ ਪਰਿਮੇਯ ਸੰਖਿਆ ਇੱਕ ਪੂਰਨ ਸੰਖਿਆ ਹੁੰਦੀ ਹੈ।(NAS 2017)

2.ਕਿਸੇ ਪਰਿਮੇਯ ਸੰਖਿਆ ਨੂੰ p/q ਦੇ ਰੂਪ ਵਿਚ ਦਰਸਾਉਂਦੇ ਹਾਂ ਇਸ ਲਈ ਜਰੂਰੀ ਸ਼ਰਤ ਕਿਹੜੀ ਹੈ?
(A)q≠0 (B)q=0 (C)p=0 (D)p≠0

3.ਹੇਠ ਲਿਖਿਆਂ ਵਿੱਚੋਂ ਅਸੀਂ ਕਿਸ ਨੂੰ ਪਰਿਮੇਯ ਸੰਖਿਆ ਦੇ ਰੂਪ ਵਿਚ ਦਰਸਾ ਸਕਦੇ ਹਾਂ?
(A)ਪ੍ਰਾਕ੍ਰਿਤਕ ਸੰਖਿਆ (B)ਪੂਰਨ ਸੰਖਿਆ
(C)ਸੰਪੂਰਨ ਸੰਖਿਆ (D) ਸਾਰੀਆਂ

4.ਪਰਿਮੇਯ ਸੰਖਿਆਵਾਂ ਦਾ ਦਸ਼ਮਲਵ ਵਿਸਤਾਰ ਕਿਹੋ ਜਿਹਾ ਹੁੰਦਾ ਹੈ?
(A)ਅਸ਼ਾਂਤ ਆਵਰਤੀ (B) ਅਸ਼ਾਂਤ ਅਣ-ਆਵਰਤੀ
(C)ਸ਼ਾਂਤ (D)ਸ਼ਾਂਤ ਅਤੇ ਅਸ਼ਾਂਤ ਆਵਰਤੀ

5. $0.2\overline{35}$ ਦਾ p/q ਰੂਪ ਹੈ:
(A) $\frac{233}{990}$ (B)$\frac{235}{990}$ (C)$\frac{235}{900}$ (D)$\frac{235}{999}$

6. $\frac{1}{2+\sqrt{3}}$ ਦਾ ਪਰਿਮੇਯਕ੍ਰਿਤ ਰੂਪ ਹੈ:( Text Book)
(A)2+√3 (B)2-√3 (C) -2+√3 (D) -2-√3

7.ਹੇਠ ਦਿੱਤੀਆਂ ਸੰਖਿਆਵਾਂ ਵਿਚੋਂ ਕਿਹੜੀ ਸੰਖਿਆ ਅਪਰਿਮੇਯ ਸੰਖਿਆ ਹੈ?
(A)(3+√23)-√23 (B)2-√5
(C) √25 (D)$\frac{2\sqrt{7}}{7\sqrt{7}}$

8.ਇਕ ਗੈਰ-ਸਿਫ਼ਰ ਪਰਿਮੇਯ ਸੰਖਿਆ ਅਤੇ ਇੱਕ ਅਪਰਿਮੇਯ ਸੰਖਿਆ ਦਾ ਗੁਣਨਫਲ ਹੈ:(NAS 2017)
(A)ਹਮੇਸ਼ਾ ਪਰਿਮੇਯ (B)ਹਮੇਸ਼ਾ ਅਪਰਿਮੇਯ
(C)ਇੱਕ (D)ਪਰਿਮੇਯ ਜਾਂ ਅਪਰਿਮੇਯ




9.ਸੰਖਿਆ $\frac{1}{\sqrt{5}+\sqrt{2}}$ ਦਾ ਪਰਿਮੇਯਕ੍ਰਿਤ ਰੂਪ ਹੈ:
(NAS 2017)
(A)$\frac{\sqrt{5}-\sqrt{2}}{21}$ (B)$\frac{\sqrt{5}+\sqrt{2}}{7}$ (C)$\frac{\sqrt{5}-\sqrt{2}}{3}$ (D)$\frac{\sqrt{5}-\sqrt{2}}{10}$

10.$\sqrt[3]{\frac{343}{125}}$=?
(A)11/2 (B)4/5 (C)19/5 (D)7/5

11.$\sqrt[3]{3}$ , $\sqrt[4]{3}$ ,$\sqrt[12]{243}$ ਦਾ ਗੁਣਨਫਲ ਪਤਾ ਕਰੋ।
(NTSE-2016)
(A)√3 (B)3 (C)12√2 (D) 4√3

12. 3√2+ $\sqrt[4]{64}$+$\sqrt[4]{2500}$+$\sqrt[6]{8}$ ਨੂੰ ਸਰਲ ਕਰੋ।
(NTSE-2016)
(A)11√2 (B)11 3√2 (C)3√2 (D)11√4

13. 4√3+ $\sqrt{129-72\sqrt{3}}$ ਦਾ ਮੁੱਲ ਹੈ;
(NTSE-2016)
A)9√3 (B)9 (C)9-√3 (D)9+√3

14.ਹੇਠ ਲਿਖਿਆਂ ਵਿੱਚੋਂ ਕਿਸ ਵਾਸਤਵਿਕ ਸੰਖਿਆ ਦਾ ਮੁੱਲ 2 ਅਤੇ 2.5 ਦੇ ਵਿਚਕਾਰ ਹੈ? (NTSE-2016))
A)√11 (B)√5 (C)3√7 (D)3√9

15.$(\frac{7}{27})^3+(\frac{27}{7})^3-(\frac{778}{189})^3$ਦਾ ਮੁੱਲ ਹੋਵੇਗਾ
(NTSE-2017)
A)-$\frac{778}{63}$ (B)0 (C)349 (D)-$\frac{513}{49}$

16.ਜੇਕਰ $\sqrt{0.04\times0.4x}$ =0.4$\times$0.04$\sqrt{y}$ ਹੋਵੇ ਤਾਂ x/y=...... (NTSE-2017)
A)0.0016 (B)0.16 (C)0.016 (D)1.6

17. ਜੇਕਰ y=$\frac{1}{\sqrt{3}}$ਸਮੀਕਰਣ $Py^2+(\sqrt{3}-\sqrt{2})y-1=0$ ਦਾ ਮੁੱਲ ਹੋਵੇ ਤਾਂ P=? (PSTSE-2016)
(A)2√3 (B)$\frac{\sqrt{2}}{\sqrt{3}}$ (C)√6 (D)3√2
(Hint- y ਦੀ ਕੀਮਤ ਸਮੀਕਰਣ ਵਿਚ ਭਰੋ)

18. ਜੇਕਰ 547.527/0.0082=x ਹੋਵੇ ਤਾਂ 547527/82 ਦਾ ਮੁੱਲ ਕੀ ਹੋਵੇਗਾ? (PSTSE-2016)
A)$\frac{x}{10}$ (B)10x (C)100x (D)$\frac{x}{100}$

## ਜਮਾਤ:ਦੱਸਵੀਂ ਪਾਠ:ਵਾਸਤਵਿਕ ਸੰਖਿਆਵਾਂ

1)ਯੂਕਲਿਡ ਦੀ ਵੰਡ ਐਲਗੋਰਿਥਮ ਦਾ ਪ੍ਰਯੋਗ ਕਰਕੇ 867 ਅਤੇ 255 ਦਾ ਮ.ਸ.ਵ ਪਤਾ ਕਰਨ ਵਿਧੀ ਦੇ ਦੂਜੇ ਪਗ ਵਿੱਚ ਨਵੇਂ ਭਾਜਕ ਅਤੇ ਨਵੇਂ ਬਾਕੀ ਕਿਹੜੇ ਪ੍ਰਾਪਤ ਹੋਣਗੇ?

(A)255=102×2+53 (B)255=102×3+53
(C) 255=102×2+51 (D) 255=102×3+51

2)ਸੰਖਿਆ 225 ਨੂੰ 135 ਨਾਲ ਭਾਗ ਦੇਣ ਤੇ ਭਾਗਫਲ ਅਤੇ ਬਾਕੀ ਕਿਹੜਾ ਪ੍ਰਾਪਤ ਹੋਵੇਗਾ?
(A) 1,115 (B) 1,100 (C)1,10 (D) 1,90

3) ਅਭਾਜ ਗੁਣਨਖੰਡ ਵਿਧੀ ਦੁਆਰਾ 96 ਅਤੇ 404 ਦੇ ਗੁਣਨਖੰਡ ਕਿਹੜੇ ਹਨ?
A)$2^5 \times 3$, $2^2 \times 101$(B) $2^5 \times 3$, $2^2 \times 101$
(C) $2^5 \times 3$, 404 (D) $2^4 \times 5$, $2^2 \times 101$

4) ਦੋ ਧਨਾਤਮਕ ਸੰਪੂਰਨ ਸੰਖਿਆਵਾਂ a ਅਤੇ 3 ਲਈ ਦੋ ਵਿਲੱਖਣ ਸੰਪੂਰਨ ਸੰਖਿਆਵਾਂ q ਅਤੇ r ਇਸ ਤਰ੍ਹਾਂ ਹੁੰਦੀਆਂ ਹਨ ਕਿ a=3q+r ਜਿਥੇ r ਦਾ ਮੁੱਲ ਹੁੰਦਾ ਹੈ।
A)$0 \le r < 3$ (B) $1 < r < 3$ (C)$0 < r < 3$ (D) $0 < r \le 3$

5) 23x33 ਅਤੇ 22x33 ਦਾ ਮ.ਸ.ਵ ਹੈ।
(A) 23 (B) 33
(C)23x33 (D)22x32

6) ਉਹ ਪ੍ਰਕ੍ਰਿਤਿਕ ਸੰਖਿਆਵਾਂ ਪਤਾ ਕਰੋ ਜਿਹਨਾਂ ਦਾ ਲ.ਸ.ਵ=78 ਅਤੇ ਮ.ਸ.ਵ=13ਹੋਵੇ।
(A)58 ਅਤੇ 13 ਜਾਂ 16 ਅਤੇ 29
(B) 68 ਅਤੇ 23 ਜਾਂ 36 ਅਤੇ 49
(C)18 ਅਤੇ 73 ਜਾਂ 56 ਅਤੇ 93
(D)78 ਅਤੇ 13 ਜਾਂ 26 ਅਤੇ 39

7) ਦੋ ਸੰਖਿਆਵਾਂ ਦਾ ਗੁਣਨਫਲ ਉਹਨਾਂ ਦੇ ਮ.ਸ.ਵ ਅਤੇ ਲ.ਸ.ਵ ਦੇ ਗੁਣਨਫਲ ਦੇ ਬਰਾਬਰ ਹੁੰਦਾ ਹੈ।ਇਸ ਤੱਥ ਦੀ ਵਰਤੋਂ ਕਰਦੇ ਹੋਏ ਜੇਕਰ (306,657) ਦਾ ਮ.ਸ.ਵ 9 ਹੋਵੇ ਤਾਂ ਲ.ਸ.ਵ ਕੀ ਹੋਵੇਗਾ?
A) 22400 (B) 22338 (C) 9 (D) 657

8)a= $x^3y^2$ ਅਤੇ b=x $y^3$ ਜਿਥੇ x ਅਤੇ y ਅਭਾਜ ਸੰਖਿਆਵਾਂ ਹਨ ਤਾਂ ਮ.ਸ.ਵ (a,b) =______
A) $x^1y^1$ (B) $x^1y^2$ (C)$x^3y^3$ (D)$x^3y^2$

9) ਨਾਲ ਦਿੱਤੇ ਚਿੱਤਰ ਵਿੱਚ ਸੰਖਿਆਵਾਂ ਦੇ ਗੁਣਨਖੰਡ ਬਣਾਏ ਗਏ ਹਨ । ਇਹਨਾਂ ਦੀ ਮ.ਸ.ਵ. ਪਤਾ ਕਰੋ
(A) 3 (B) 5 (C) 7 (D) 21



10) ਗੁਣਨਖੰਡ ਰੁੱਖ ਦਾ ਪ੍ਰਯੋਗ ਕਰਕੇ 32760 ਨੂੰ ਅਭਾਜ ਸੰਖਿਆਵਾਂ ਦੇ ਗੁਣਨਫਲ ਦੇ ਰੂਪ ਵਿੱਚ ਦਰਸਾਉ।
(A)$2^2$x$3^2$ x$5^2$x7 (B) $2^3$ x$3^2$ x5x7x13
(C) 2x3x5x7x13(D) $3^2$x5x13

11) ਦਿੱਤੇ ਗਏ ਗੁਣਨਖੰਡ ਰੁੱਖ ਵਿੱਚ x ਅਤੇ y ਦਾ ਮੁੱਲ ਕੀ ਹੋਵੇਗਾ?
(A) x=10,y=14
(B) x=10,y=40
(C) x=21,y=84
(D) x=21,y=25



12) ਦਿੱਤੇ ਗਏ ਚਿੱਤਰ ਵਿੱਚ ਦੋ ਸੰਖਿਆਵਾਂ ਦੇ ਅਭਾਜ ਗੁਣਨਖੰਡ ਬਣਾਏ ਗਏ ਹਨ। ਉਹਨਾਂ ਦਾ ਲ.ਸ.ਵ ਪਤਾ ਕਰੋ।
(A)$3^2$ x$2^2$x17 (B) $3^1$x$2^2$x17
(C)$3^1$ x$2^1$x17 (D)$3^2$ x$2^2$x17



13) ਉਹ ਸੰਖਿਆਵਾਂ ਜਿਹਨਾਂ ਦਾ ਦਸ਼ਮਲਵ ਵਿਸਥਾਰ ਸ਼ਾਂਤ ਜਾਂ ਅਸ਼ਾਂਤ ਅਵਰਤੀ ਹੋਵੇ, ਉਹ ਕਿਹੜੀਆਂ ਸੰਖਿਆਵਾਂ ਅਖਵਾਉਦੀਆਂ ਹਨ?
A)ਪਰਿਮੇਯ (B) ਅਪਰਿਮੇਯ
(C))ਪੂਰਨ (D))ਪਰਿਮੇਯ ਅਤੇ ਅਪਰਿਮੇਯ ਦੋਵੇਂ

14) ਸੰਖਿਆ 0.120120012000… ਕਿਹੜੀ ਸੰਖਿਆ ਹੈ।
(A)ਪਰਿਮੇਯ (B) ਅਪਰਿਮੇਯ
(C)ਪੂਰਨ (D)ਪਰਿਮੇਯ ਅਤੇ ਅਪਰਿਮੇਯ ਦੋਵੇਂ

15) π ਕਿਹੜੀ ਸੰਖਿਆ ਹੈ?
A)ਪਰਿਮੇਯ (B) ਅਪਰਿਮੇਯ
(C)ਪੂਰਨ (D)ਪਰਿਮੇਯ ਅਤੇ ਅਪਰਿਮੇਯ ਦੋਵੇਂ

16) ਇੱਕ ਪਰਿਮੇਯ ਸੰਖਿਆ ਅਤੇ ਇੱਕ ਅਪਰਿਮੇਯ ਸੰਖਿਆ ਦਾ ਜੋੜਫਲ ਇੱਕ ਅਪਰਿਮੇਯ ਸੰਖਿਆ ਹੁੰਦੀ ਹੈ ।

ਇਸ ਤੱਥ ਨਾਲ ਸਬੰਧਤ ਉਦਾਹਰਣ ਤੇ ਨਿਸ਼ਾਨ ਲਗਾਉ।
(A) $\sqrt{3}+2\sqrt{5}$ (B) $2+\frac{2}{3}$
(C) $2+\sqrt{3}$ (D) $0+\frac{1}{3}$

17)ਮੰਨ ਲਓ $x=\frac{p}{q}$ ਇਕ ਇਸ ਤਰ੍ਹਾਂ ਦੀ ਪਰਿਮੇਯ ਸੰਖਿਆ ਹੈ ਜਿਥੇ q ਦਾ ਅਭਾਜ ਗੁਣਨਖੰਡਣ $2^n \times 5^m$ ਦੇ ਰੂਪ ਵਿੱਚ ਨਹੀਂ ਹੈ, ਜਿਥੇ n ਅਤੇ m ਧਨਾਤਮਕ ਸੰਪੂਰਨ ਸੰਖਿਆਵਾਂ ਹਨ ਤਾਂ x ਦਾ ਦਸ਼ਮਲਵ ਵਿਸਥਾਰ ਕਿਹੋ ਜਿਹਾ ਹੋਵੇਗਾ?
(A)ਸ਼ਾਂਤ (B)ਅਸ਼ਾਂਤ ਆਵਰਤੀ
(C)ਅਸ਼ਾਂਤ ਅਣ ਆਵਰਤੀ
(D)ਦੋ ਦਸ਼ਮਲਵ ਸਥਾਨ ਤੋ ਬਾਅਦ ਸ਼ਾਂਤ

18) $\frac{442}{2^2 5^2 7}$ ਦਾ ਦਸ਼ਮਲਵ ਵਿਸਥਾਰ ਕਿਸ ਤਰ੍ਹਾਂ ਦਾ ਹੈ?
(A) ਸ਼ਾਂਤ (B) ਅਸ਼ਾਂਤ ਆਵਰਤੀ
(C)ਅਸ਼ਾਂਤ ਅਣ ਆਵਰਤੀ
(D)ਦੋ ਦਸ਼ਮਲਵ ਸਥਾਨ ਤੋ ਬਾਅਦ ਸ਼ਾਂਤ

19)ਜੇਕਰ ਇੱਕ ਲੜਕਾ ਆਪਣੇ ਦੋਸਤਾਂ ਨੂੰ 2 ਜਾਂ 3 ਜਾਂ 5 ਟਾਫੀਆਂ ਹਰ ਇੱਕ ਨੂੰ ਦੇਵੇ ਤਾਂ ਉਸ ਕੋਲ ਕੋਈ ਟਾਫੀ ਨਹੀਂ ਬਚਦੀ। ਉਸ ਕੋਲ ਘੱਟ ਤੋ ਘੱਟ ਕਿੰਨੀਆਂ ਟਾਫੀਆਂ ਹੋਣਗੀਆਂ?
(A) 45 (B) 30 (C) 12 (D) 24

20) 42ਮੀ. 49ਮੀ. ਅਤੇ 63ਮੀ. ਲੰਬੇ ਲਕੜੀ ਦੇ ਟੁਕੜਿਆਂ ਵਿੱਚੋਂ ਇੱਕੋ ਜਿਹੀ ਲੰਬਾਈ ਦੇ ਟੁਕੜੇ ਕੱਟਣੇ ਹਨ। ਟੁਕੜੇ ਦੀ ਵੱਡੀ ਤੋ ਵੱਡੀ ਲੰਬਾਈ ਕੀ ਹੋਵੇਗੀ?
(A) 6ਮੀ (B) 7 ਮੀ (C) 9 ਮੀ (D) 11 ਮੀ

**ਜਮਾਤ:ਨੌਂਵੀਂ ਪਾਠ: ਬਹੁਪਦ**

1.ਉਹ ਦੋ ਘਾਤੀ ਬਹੁਪਦ ਪਤਾ ਕਰੋ, ਜਿਸਦੇ ਸਿਫਰਾਂ ਦਾ ਜੋੜਫਲ 3 ਅਤੇ ਗੁਣਨਫਲ −2 ਹੈ।
A) $x^2+3x-2$ B) $x^2-2x+3$
C) $x^2-3x+2$ D) $x^2-3x-2$

2. ਘਾਤ 1 ਦੇ ਬਹੁਪਦ ਨੂੰ ............ ਕਹਿੰਦੇ ਹਨ।
A) ਰੇਖੀ ਬਹੁਪਦ B) ਦੋ–ਘਾਤੀ ਬਹੁਪਦ
C) ਤਿੰਨ ਘਾਤੀ ਬਹੁਪਦ D) ਅਚਲ ਸੰਖਿਆ

3.ਜੇਕਰ $x=-1$, ਬਹੁਪਦ $2x^3+ax^2+2bx+1$ ਦਾ ਗੁਣਨਖੰਡ ਹੋਵੇ, ਤਾਂ a ਅਤੇ b ਦਾ ਮੁੱਲ ਪਤਾ ਕਰੋ ਜੇਕਰ $2a-3b=4$ ਹੋਵੇ।

A) a= -1 , b= -2 B) a= 2, b=5
C) a= 5, b= 2 D) a= 2, b= 0

4. ਦਿੱਤੇ ਗਏ ਬਹੁਪਦ $f(x)=(x-2)^2+4$ ਦੇ ਸਿਫਰਾਂ ਦੀ ਗਿਣਤੀ ਕਿੰਨੀ ਹੋਵੇਗੀ।
A) 1 B) 2 C) 0 D) 3

5.ਹੇਠ ਦਿੱਤੇ ਗਏ ਬਹੁਪਦ ਦੇ ਸਿਫਰ ਪਤਾ ਕਰੋ $p(x)=4x^2+12x+9$
A) $\frac{3}{2},\frac{3}{2},$ B) $-\frac{3}{2},-\frac{3}{2},$ C) 3,4 D)-3,-4

6. ਜੇ $p(x)=ax+b$,ਤਾਂ p(x) ਦੀ ਸਿਫਰ ਪਤਾ ਕਰੋ।
A) a B) b C) $-\frac{a}{b}$ D) $-\frac{b}{a}$

7. ਇੱਕ ਦੋ ਘਾਤੀ ਸਮੀਕਰਨ ਦਾ ਗ੍ਰਾਫ :-
A) ਸਰਲ ਰੇਖਾ B) ਚੱਕਰ
C) ਪੈਰਾਬੋਲਾ D) ਅੰਡਾਕਾਰ

8. ਬਹੁਪਦਾਂ ਦੇ ਜ਼ੀਰੋ(ਸਿਫਰਾਂ) ਦੀ ਗਿਣਤੀ ਨੂੰ ਅਸੀਂ ਆਲੇਖ ਰਾਹੀਂ ਦੱਸ ਸਕਦੇ ਹਾਂ।ਕਿਸੇ ਬਹੁਪਦਾਂ p(x) ਵਿੱਚ ਜ਼ੀਰੋ (ਸਿਫਰਾਂ) ਦੀ ਗਿਣਤੀ ਉਹਨਾਂ ਬਿੰਦੂਆਂ ਦੀ ਗਿਣਤੀ ਹੁੰਦੀ ਹੈ, ਜਿਥੇ ਉਸਦਾ ਆਲੇਖ
A) x- ਧੁਰੇ ਨੂੰ ਕੱਟੇ। B) y- ਧੁਰੇ ਨੂੰ ਕੱਟੇ।
C) x ਅਤੇ y- ਧੁਰੇ ਨੂੰ ਕੱਟੇ
D)ਇਹਨਾਂ ਵਿੱਚੋਂ ਕੋਈ ਨਹੀਂ।

9.ਜੇ $p(x)=ax^2+bx+c$ ਇੱਕ ਦੋ ਘਾਤੀ ਬਹੁਪਦ ਹੈ ਤਾਂ c/a ਦਾ p(x) ਦੇ ਸਿਫਰਾਂ ਨਾਲ ਕੀ ਸਬੰਧ ਹੁੰਦਾ ਹੈ।
A) 0 **B**) 1
C) ਸਿਫਰਾਂ ਦਾ ਜੋੜਫਲ D) ਸਿਫਰਾਂ ਦਾ ਗੁਣਨਫਲ

10. ਜੇ $p(x)=ax^2+bx+c$ ਇੱਕ ਦੋ ਘਾਤੀ ਬਹੁਪਦ ਹੈ।ਤਾਂ-b/a ਦਾ p(x) ਦੇ ਸਿਫਰਾਂ ਨਾਲ ਕੀ ਸਬੰਧ ਹੁੰਦਾ ਹੈ।
A) ਸਿਫਰਾਂ ਦਾ ਘਟਾਓ B) ਸਿਫਰਾਂ ਦੀ ਵੰਡ
C) ਸਿਫਰਾਂ ਦਾ ਜੋੜਫਲ D) ਸਿਫਰਾਂ ਦਾ ਗੁਣਨਫਲ

11. ਜੇ α ਅਤੇ β ਬਹੁਪਦ $x^2-4x+1$ ਦੇ ਸਿਫਰ ਹਨ ਤਾਂ $\frac{1}{\alpha}+\frac{1}{\beta}-\alpha\beta$ ਦਾ ਮੁੱਲ ਹੋਵੇਗਾ:
A) 3 B) 5 C) −5 D) −3

12. ਦਿੱਤੇ ਗਏ ਆਲੇਖਾਂ ਵਿੱਚੋਂ ਕਿਹੜਾ ਦੋ ਘਾਤੀ ਸਮੀਰਕਨ ਦਾ ਆਲੇਖ ਨਹੀਂ ਹੈ।



13.ਦਿੱਤੇ ਗਏ ਗ੍ਰਾਫ ਵਿੱਚ ਸਿਫਰਾਂ ਦੀ ਗਿਣਤੀ ਦੱਸੋ।



A) 1  B) 2  C) 0  D) 3

14. ਹੇਠਾਂ ਲਿਖੀਆਂ ਵਿੱਚੋਂ ਕਿਹੜੀ ਬਹੁਪਦ ਹੈ?

A )$x^2$-6$\sqrt{x}$ +2  B)$\sqrt{x}$ +$\frac{1}{\sqrt{x}}$

C)$\frac{5}{x^2-3x+1}$  D)ਕੋਈ ਨਹੀਂ

15. ਜੇਕਰ α ਅਤੇ β ਦਿੱਤੀ ਗਈ ਬਹੁਪਦ $x^2+5x+8$ ਦੇ ਸਿਫਰ ਹਨ, ਤਾਂ α+β ਦਾ ਮੁੱਲ =?

A) 5  B) -5  C) 8  D) -8

16 ਦਿੱਤਾ ਗਿਆ ਚਿੱਤਰ ਇਕ ਤਿੰਨ ਘਾਤੀ ਬਹੁਪਦ $x^3$-4x ਦਾ ਹੈ। ।ਇਸ ਤਿੰਨ ਘਾਤੀ ਬਹੁਪਦ ਦੇ ਮੂਲ ਲਿਖੋ। (Hint:ਕਿਸੇ ਵੀ ਬਹੁਪਦ ਦੇ ਸਿਫਰ ਉਹਨਾਂ ਬਿੰਦੂਆਂ ਦੇ ਨਿਰਦੇਸ਼ ਅੰਕ ਹਨ ਜਿਥੇ ਗ੍ਰਾਫ x ਧੁਰੇ ਨੂੰ ਕੱਟਦਾ ਹੈ)



A)-3,-2,-1  B)-2,0,2

C)-3,-1,1  D) -2,0,1

17. ਜੇਕਰ α, β ਅਤੇ γ ਤਿੰਨ ਘਾਤੀ ਬਹੁਪਦ $ax^3+bx^2+cx+d$ ਦੀਆਂ ਸਿਫਰਾਂ ਹੋਣ,

ਤਾਂ$\alpha+\beta+\gamma=-\frac{b}{a}$, $\alpha\beta+\beta\gamma+\gamma\alpha=\frac{c}{a}$,

$\alpha\beta\gamma=-\frac{d}{a}$ ਦੀ ਵਰਤੋਂ ਕਰਦੇ ਹੋਏ, ਤਿੰਨ ਘਾਤੀ ਬਹੁਪਦ $3x^3-5x^2-11x-3$ ਦੀਆਂ ਸਿਫਰਾਂ ਦਾ ਜੋੜਫਲ ਦੱਸੋ।

A)-$\frac{5}{3}$  B)$\frac{5}{3}$  C)$\frac{11}{3}$  D)-$\frac{11}{3}$

18. ਦੋ ਘਾਤੀ ਸਮੀਕਰਣ $2x^2-3x+5$ ਦੇ ਸਿਫਰਾਂ ਦਾ ਜੋੜ ਅਤੇ ਗੁਣਨਫਲ ਕੀ ਹੋਵੇਗਾ।

A)$\frac{3}{2},-\frac{5}{2}$  B)$-\frac{3}{2},-\frac{5}{2}$  C) $\frac{3}{2},\frac{5}{2}$  D) $-\frac{3}{2},\frac{5}{2}$

**ਜਮਾਤ:ਦੱਸਵੀਂ**
**ਦੋ ਚਲਾਂ ਵਾਲੇ ਰੇਖੀ ਸਮੀਕਰਣ**

1.ਸਮੀਕਰਣ x=4 ਦਾ ਆਲੇਖ ਇਕ ਰੇਖਾ ਹੈ ਜੋ-

A) x-ਧੁਰੇ ਦੇ ਸਮਾਂਤਰ ਹੁੰਦੀ ਹੈ

B) ਮੂਲ ਬਿੰਦੂ ਵਿਚੋਂ ਲੰਘਦੀ ਹੈ।

C) y-ਧੁਰੇ ਦੇ ਸਮਾਂਤਰ ਹੈ

D) ਇਹਨਾਂ ਵਿਚੋਂ ਕੋਈ ਵੀ ਨਹੀਂ

2. ਸਮੀਕਰਣ y=-3 ਦਾ ਆਲੇਖ ਇਕ ਰੇਖਾ ਹੈ ਜੋ-

A) x-ਧੁਰੇ ਦੇ ਸਮਾਂਤਰ ਹੁੰਦੀ ਹੈ

B) ਮੂਲ ਬਿੰਦੂ ਵਿਚੋਂ ਲੰਘਦੀ ਹੈ।

C) y-ਧੁਰੇ ਦੇ ਸਮਾਂਤਰ ਹੈ

D) ਇਹਨਾਂ ਵਿਚੋਂ ਕੋਈ ਵੀ ਨਹੀਂ

3. x+y=0 ਦਾ ਆਲੇਖ

A) x-ਧੁਰੇ ਦੇ ਸਮਾਂਤਰ ਹੁੰਦੀ ਹੈ

B) ਮੂਲ ਬਿੰਦੂ ਵਿਚੋਂ ਲੰਘਦਾ ਹੈ।

C) y-ਧੁਰੇ ਦੇ ਸਮਾਂਤਰ ਹੈ

D) ਮੂਲ ਬਿੰਦੂ ਵਿਚੋਂ ਨਹੀਂ ਲੰਘਦਾ ਹੈ।

4.ਸਮੀਕਰਣਾਂ 3x-3y=4 ਅਤੇ 2x+y=5 ਦੇ ਹੱਲ ਕਿਹੋ ਜਿਹਾ ਹੋਵੇਗਾ?

A) ਕੋਈ ਹੱਲ ਨਹੀ ਹੋਵੇਗਾ  B)ਅੰਨਤ ਹੋਣਗੇ।

C) ਵਿੱਲਖਣ ਹੱਲ ਹੋਵੇਗਾ  D) ਦੋ ਹੱਲ ਹੋਣਗੇ

5.ਸਮੀਕਰਣਾਂ x+y=7 ਅਤੇ 2x-3y=9 ਦਾ ਹੱਲ ਹੈ-

A) 9,3  B)5,2

C) 6,1  D) 4,3

6.ਪਿਤਾ ਦੀ ਵਰਤਮਾਨ ਉਮਰ ਪੁੱਤਰ ਦੀ ਵਰਤਮਾਨ ਉਮਰ ਤੋਂ ਤਿਗੁਣੀ ਹੈ।ਜੇ ਉਹਨਾਂ ਦੀਆਂ ਵਰਤਮਾਨ ਉਮਰਾਂ ਦਾ ਜੋੜ 60 ਸਾਲ ਹੈ ਤਾਂ ਉਹਨਾਂ ਦੀਆਂ ਵਰਤਮਾਨ ਉਮਰਾਂ ਹੋਣਗੀਆਂ-

A) 40,20  B)50,10

C) 30,10  D)45,15

7.ਜੇ ਦੋ ਸੰਖਿਆਵਾਂ ਦਾ ਜੋੜ 6 ਅਤੇ ਅੰਤਰ 4 ਹੋਵੇ ਤਾਂ ਸੰਖਿਆਵਾਂ ਹੋਣਗੀਆਂ-

A) -5,1  B)-5,-1

C) 5,1  D)5,-1

8.ਸਮੀਕਰਣ $2^{x+y}=2^{x-y}=\sqrt{8}$ ਵਿੱਚ y ਦਾ ਮੁੱਲ ਹੋਵੇਗਾ-

A) 0  B)1/4

C) 1/2  D)3/4

9.k ਦਾ ਉਹ ਮੁੱਲ ਦੱਸੋ ਤਾਂ ਕਿ ਸਮੀਕਰਣਾਂ kx-y=2 ਅਤੇ 6x -2y=3 ਦਾ ਇੱਕ ਵਿਲੱਖਣ ਹੱਲ ਹੋਵੇ-

A)k=3  B)k≠3  C) k≠0  D)k=0

10. k ਦਾ ਕਿਹੜੇ ਮੁੱਲ ਲਈ ਸਮੀਕਰਣਾਂ 2x+32y=-3 ਅਤੇ 3x+48y=-k ਨੂੰ ਦਰਸਾਂਉਦੀਆਂ ਰੇਖਾਵਾਂ ਸੰਪਾਤੀ ਹੋਣਗੀਆਂ–

A)k=2/3 B)k=3/2 C) k=9/2 D)k=1

11.ਜੇ 3 ਕੁਰਸੀਆਂ ਅਤੇ 2 ਮੇਜ਼ਾਂ ਦਾ ਮੁੱਲ 1200 ਰੁਪਏ ਹੋਵੇ ਅਤੇ 5 ਕੁਰਸੀਆਂ ਅਤੇ 3 ਮੇਜ਼ਾਂ ਦਾ ਮੁੱਲ 1900 ਰੁ: ਹੋਵੇ ਤਾਂ 2 ਕੁਰਸੀਆਂ ਅਤੇ 2 ਮੇਜ਼ਾਂ ਦਾ ਮੁੱਲ ਹੋਵੇਗਾ–

A)700ਰੁ: B)900ਰੁ: C) 1000ਰੁ: D)1100ਰੁ:

12. A ਅਤੇ B ਦੀ ਮਾਸਿਕ ਆਮਦਨ ਦਾ ਅਨੁਪਾਤ 4:3 ਹੈ ਅਤੇ ਉਹਨਾਂ ਦੇ ਖਰਚ ਵਿਚ ਅਨੁਪਾਤ 3:2 ਹੈ।ਜੇਕਰ ਹਰੇਕ 600 ਰੁ: ਬਚਾਉਂਦਾ ਹੈ ਤਾਂ A ਦੀ ਮਾਸਿਕ ਆਮਦਨ ਹੋਵੇਗੀ–

A) 2400 ਰੁ: B) 1800 ਰੁ:
C) 2000 ਰੁ: D) 3600 ਰੁ:

13. ਜਦੋਂ ਦੋ ਸਮੀਕਰਨਾਂ ਦੇ ਆਲੇਖ ਆਪਸ ਵਿਚ ਕੱਟਣ ਤਾਂ ਸਮੀਕਰਨਾਂ ਦਾ ਜੋੜਾ ਕਿਸ ਤਰਾਂ ਦਾ ਹੋਵੇਗਾ:

A) ਸੰਪਾਤੀ B) ਸੰਗਤ
C) ਅਸੰਗਤ D) ਕੋਈ ਨਹੀ

14. ਇੱਕ ਕਿਸ਼ਤੀ 10 ਘੰਟਿਆਂ ਵਿੱਚ ਧਾਰਾ ਦੀ ਦਿਸ਼ਾ ਦੇ ਉਲਟ 30 ਕਿ.ਮੀ. ਅਤੇ ਧਾਰਾ ਦੀ ਦਿਸ਼ਾ ਦੇ ਅਨੁਸਾਰ 44 ਕਿ.ਮੀ ਜਾਂਦੀ ਹੈ।13 ਘੰਟਿਆ ਵਿੱਚ ਇਹ ਧਾਰਾ ਦੀ ਦਿਸ਼ਾ ਦੇ ਉਲਟ 40 ਕਿ.ਮੀ ਅਤੇ ਧਾਰਾ ਦੀ ਦਿਸ਼ਾ ਦੇ ਅਨੁਸਾਰ 55 ਕਿ.ਮੀ ਜਾਂਦੀ ਹੈ।ਧਾਰਾ ਦੀ ਚਾਲ ਅਤੇ ਕਿਸ਼ਤੀ ਦੀ ਸਥਿਰ ਪਾਣੀ ਵਿੱਚ ਚਾਲ ਪਤਾ ਕਰੋ।



15.ਇੱਕ ਅਣਉਚਿਤ ਭਿੰਨ ਦੇ ਅੰਸ਼ ਅਤੇ ਹਰ ਵਿੱਚ ਅੰਤਰ 5 ਹੈ। ਜੇਕਰ ਇਸ ਦੇ ਹਰ ਵਿੱਚ 5 ਜੋੜ ਦਿੱਤਾ ਜਾਵੇ, ਇਹ ਮੂਲ ਭਿੰਨ ਤੋਂ $1\frac{1}{4}$ਘੱਟ ਜਾਦੀ ਹੈ,ਭਿੰਨ ਪਤਾ ਕਰੋ। (PSTSE 2016)

A) 1/6 B) 9/4 C) 13/4 D) 6

## ਜਮਾਤ:ਦੱਸਵੀਂ ਪਾਠ:ਦੋ-ਘਾਤੀ ਸਮੀਕਰਨ

1. $x^2+2x-35=0$ ਦੇ ਮੂਲ ਹਨ:

(A) 5,7 (B)-5,-7 (C) -5,7 (D) 5,-7

2. $x^2-7x+10=0$ ਅਤੇ $x^2-10x+16=0$ ਦਾ ਸਾਂਝਾ ਮੂਲ ਹੋਵੇਗਾ ।

(A)-2 (B) 3 (C) 5 (D)2

3. $2x^2-6x+7=0$ ਦੇ ਮੂਲ ਹੋਣਗੇ।

(A)ਵਾਸਤਵਿਕ ਅਤੇ ਨਹੀਂ ਬਰਾਬਰ
(B) ਵਾਸਤਵਿਕ ਅਤੇ ਬਰਾਬਰ
(C)ਵਾਸਤਵਿਕ ਨਹੀਂ

4. ਜੇਕਰ $x^2+ax+6=0$ ਦਾ ਇੱਕ ਮੂਲ 2 ਹੋਵੇ ਤਾਂ a ਦਾ ਮੁੱਲ ਹੋਵੇਗਾ।

(A) -5 (B) $\frac{7}{2}$ (C) -7 (D) $\frac{-7}{27}$

5. ਜੇਕਰ $x^2-3x+k=0$ ਦੇ ਮੂਲਾਂ ਦਾ ਗੁਣਨਫਲ –2 ਹੈ ਤਾਂ k ਦਾ ਮੁੱਲ ਹੋਵੇਗਾ।

(A) 8 (B) -2 (C) 12 (D) -8

6.ਜੇਕਰ ਸਮੀਕਰਨ $ax^2+bx+c=0$ ਦੇ ਮੂਲ ਬਰਾਬਰ ਹੋਣ ਤਾਂ c ਦਾ ਮੁੱਲ ਹੋਵੇਗਾ ।

(A) $\frac{-b}{2a}$ (B) $\frac{b}{2b}$ (C)$\frac{-b^2}{4a}$ (D) $\frac{b^2}{4a}$

7. ਜੇ ਸਮੀਕਰਨ $3x^2-10x+3=0$ ਦਾ ਇੱਕ ਮੂਲ 1/3 ਹੋਵੇ ਤਾਂ ਦੂਸਰਾ ਮੂਲ ਹੋਵੇਗਾ।

(A)$\frac{1}{-3}$ (B) -3 (C) 3 (D) $\frac{1}{3}$

8. ਜੇ $2x^2-4x+3=0$ ਦੇ ਮੂਲ a ਅਤੇ b ਹਨ ਤਾਂ $a^3+b^3$ ਦੀ ਕੀਮਤ ਹੋਵੇਗੀ।

(A) -1 (B) 1 (C) 0 (D) 2

9. ਜੇ a ,b ਸਮੀਕਰਨ $x^2+px+q=0$ ਦੇ ਮੂਲ ਹੋਣ ਤਾਂ $\frac{a}{b}+\frac{b}{a}$ ਦਾ ਮੁੱਲ ਹੋਵੇਗਾ

(A) $\frac{p^2-2q}{q}$ (B) $\frac{p^2+2q}{q}$
(C) $\frac{-p^2+2q}{q}$ (D) $-\frac{-p^2-2q}{q}$

10. $x^2-7x-8=0$ ਦੇ ਮੂਲ ਹਨ ।

(A) 2,-4 (B) -1,8 (C) 1,-8 (D) 1,7

11.ਸਮੀਕਰਣ ਜਿਸਦੇ ਮੂਲ √7 ਅਤੇ –√7 ਹੋਣ:

(A) $x^2-\sqrt{7}=0$ (B) $x^2-7=0$
(C) $x^2+7=0$ (D) $x^2-\sqrt{7}=0$

12. p ਦੀ ਕੀਮਤ ਜਿਸ ਲਈ $x^2$-px+4=0 ਦੇ ਮੂਲ ਵਾਸਤਵਿਕ ਹੋਣਗੇ ।
(A)$p^2 \geq 16$ (B)$p^2 \leq 16$
(C) $p^2 \geq -16$ (D)ਕੋਈ ਨਹੀ

13. ਜੇ $\sqrt{x-7}+\sqrt{x-3}=2$,ਹੋਵੇ ਤਾਂ x ਦਾ ਮੁੱਲ ਪਤਾ ਕਰੋ?
(A)9 (B) 7 (C) 19 (D) 3

14. ਜੇਕਰ ਸਮੀਕਰਣ $ax^2+bx+c=0$ ਦਾ ਇੱਕ ਮੂਲ ਦੂਸਰੇ ਦਾ ਉਲਟ ਕ੍ਰਮ ਹੋਵੇ ਤਾਂ
(A) a=b (B) b=c (C) a=c (D) a=-c

15. ਜੇ $\sqrt{x-5}+\sqrt{x-4}=3$ਹੋਵੇ ਤਾ x ਦਾ ਮੁਲ ਹੋਵੇਗਾ ।
(A) 9 (B) 5 (C) 10 (D) 3

16. ਜੇ $ax^2+bx+c=0$ ਦਾ ਇੱਕ ਮੂਲ ਦੂਸਰੇ ਮੂਲ ਦਾ ਉਲਟਕ੍ਰਮ ਹੋਵੇ ਤਾਂ
(A) a=b (B)b=c (C) a=c (D) a=-c

17. ਜੇ$x^2$-px+8p-15=0 ਦੇ ਮੂਲ ਬਰਾਬਰ ਹੋਣ ਤਾਂ p ਦਾ ਮੁੱਲ ਹੋਵੇਗਾ:
(A) 3 ਜਾਂ 5 (B) 2 ਜਾਂ5
(C) 3 ਜਾਂ 4 (D) 2 ਜਾਂ 30

18. $x^2=-1$ ਸਮੀਕਰਨ ਦੇ ਮੂਲਾਂ ਦਾ ਗੁਣਨਫਲ ਹੋਵੇਗਾ
(A) -1 (B) 1 (C) 0 (D)ਕੋਈ ਨਹੀਂ

## ਜਮਾਤ: ਦਸਵੀਂ ਅੰਕ ਗਣਿਤਕ ਲੜੀਆਂ

1. ਅੰਕ ਗਣਿਤਕ ਲੜੀ $\frac{3}{2}, \frac{1}{2}, \frac{-1}{2}, \frac{-3}{2}$ ਦਾ ਪਹਿਲਾਂ ਪਦ a ਅਤੇ ਸਾਂਝਾ ਅੰਤਰ d ਹਨ:–
A) $\frac{3}{2}, \frac{1}{2}$ B) $\frac{3}{2}, \frac{-1}{2}$ C) $\frac{3}{2}, -1$ D) $\frac{3}{2}, 1$

2. ਅੰਕ ਗਣਿਤਕ ਲੜੀ 4,10, 16, 22 , ..... ਦਾ ਅਗਲਾ ਪਦ ਹੋਵੇਗਾ:- (ਸਫਾ ਨੰ-109)
A) 25 B) 26 C) 27 D) 28
(Hint: $a = 4, d = 6$)

3. ਅੰਕ ਗਣਿਤਕ ਲੜੀ $\frac{1}{3}, \frac{5}{3}, \frac{9}{3}, \frac{13}{3}$ ਦਾ ਸਾਂਝਾ ਅੰਤਰ d ਕਿੰਨਾ ਹੈ ? (ਸਫਾ ਨੰ-110)
A) $\frac{1}{3}$ B) $\frac{2}{3}$ C) $\frac{4}{3}$ D) $\frac{5}{3}$

4. ਅੰਕ ਗਣਿਤਕ ਲੜੀ 2, 7, 12, ..... ਦਾ 10ਵਾਂ ਪਦ ਕਿਹੜਾ ਹੈ? (ਸਫਾ ਨੰ-113)
A) 42 B) 47 C) 49 D) 51
(Hint: $a = 4, d = 6, n = 10$)

5. ਅੰਕ ਗਣਿਤਕ ਲੜੀ 3, 8, 13, 18, ..... ਦਾ ਕਿੰਨਵਾਂ ਪਦ 78 ਹੈ? (ਸਫਾ ਨੰ-118)
A) 16ਵਾਂ B) 15ਵਾਂ C) 12ਵਾਂ D) 13ਵਾਂ
(Hint: $n = ?$)

6. ਅੰਕ ਗਣਿਤਕ ਲੜੀ 5, 11, 17, 23,..... ਦਾ ਕਿੰਨਵਾਂ ਪਦ 301 ਹੈ? (ਸਫਾ ਨੰ-114)
A) 50ਵਾਂ B) 51ਵਾਂ C) 151ਵਾਂ D) ਇਸਲੜੀ ਦਾ ਪਦ ਨਹੀਂ ਹੋ ਸਕਦਾ।

7. ਅੰਕ ਗਣਿਤਕ ਲੜੀ 2, a, 26..... ਵਿੱਚ a ਦਾ ਮੁੱਲ ਪਤਾ ਕਰੋ:– (ਸਫਾ ਨੰ-118)
A) 10 B) 12 C) 14 D) 13

8. ਅੰਕ ਗਣਿਤਕ ਲੜੀ a, 13, b, 3..... ਵਿੱਚ a ਅਤੇ b ਦਾ ਮੁੱਲ ਹੈ:– (ਸਫਾ ਨੰ-118)
A) 17, 7 B) 16, 6 C) 18, 8 D)19, 9

9. ਅੰਕ ਗਣਿਤਕ ਲੜੀ 5, a, b, $9\frac{1}{2}$, ..... ਵਿੱਚ a ਅਤੇ b ਦਾ ਮੁੱਲ ਹੈ:– (ਸਫਾ ਨੰ-118)
A) $6\frac{1}{2}, 8$ B) $4\frac{1}{2}, 7$ C) $5\frac{1}{2}, 6$ D) $9\frac{1}{2}, 8$

10. ਵਿਰਾਟ ਨੇ 1995 ਵਿਚ 5000 ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਕੰਮ ਸ਼ੁਰੂ ਕੀਤਾ ਅਤੇ ਹਰੇਕ ਸਾਲ 200 ਰੁਪਏ ਦਾ ਸਲਾਨਾ ਵਾਧਾ ਪ੍ਰਾਪਤ ਕੀਤਾ। ਦੱਸੋ ਕਿਹੜੇ ਸਾਲ ਉਸਦੀ ਤਨਖਾਹ 7000 ਰੁ: ਹੋ ਜਾਵੇਗੀ?(ਸਫਾ ਨੰ-119)
A) 10ਵੇਂ ਸਾਲ B) 12 ਵੇਂ ਸਾਲ
C) 11ਵੇਂ ਸਾਲ D) 13ਵੇਂ ਸਾਲ
(Hint: $a = 5000, d = 200, n = ?$)

11. ਕਿਸੇ ਅੰਕ ਗਣਿਤਕ ਲੜੀ ਦਾ ਪਹਿਲਾ ਪਦ a=5 ਸਾਂਝਾ ਅੰਤਰ d= 3 ਅਤੇ nਵਾਂ ਪਦ ($a_n$) = 50 ਹੋਵੇ ਤਾਂ ਉਸ ਲੜੀ ਦੇ n ਪਦਾਂ ਦਾ ਜੋੜਫਲ ($S_n$) ਕਿੰਨਾ ਹੋਵੇਗਾ? (ਸਫਾ ਨੰ-125)
A) 338 B) 440
C) 445 D) 448
(Hint:$a_n$ =ਆਖਰੀ ਪਦ)

12. ਕਿਸੇ ਅੰਕ ਗਣਿਤਕ ਲੜੀ ਦਾ nਵਾਂ ਪਦ $a_n=3+4n$ ਹੋਵੇ ਤਾਂ ਇਸ ਦੇ ਪਹਿਲੇ 15 ਪਦਾਂ ਦਾ ਜੋੜਫਲ ਪਤਾ ਕਰੋ। (ਸਫਾ ਨੰ-126)

A) 520 B) 521 C) 625 D) 525

(Hint: $n = 1$ ਭਰ ਕੇ a ਲੱਭੋ)

13. ਇਹਨਾਂ ਵਿਚੋਂ ਕਿਹੜੀ ਲੜੀ ਇੱਕ ਅੰਕ ਗਣਿਤਕ ਲੜੀ ਹੈ ਅਤੇ ਜਿਹੜੀ ਅੰਕਗਣਿਤਕ ਲੜੀ ਨਹੀਂ ਹੈ ਉਹ ਕਿਉਂ ਨਹੀਂ ਹੈ? (ਸਫਾ ਨੰ-110)

A) $3,\ 3+\sqrt{2},\ 3+2\sqrt{2},\ 3+3\sqrt{2},\ \ldots\ldots\ldots$

B) $a, a^2, a^3, a^4, \ldots\ldots$

C) $\sqrt{3},\ \sqrt{6},\ \sqrt{9},\ \sqrt{12},\ \ldots\ldots\ldots$

D) $1^2, 3^2, 5^2, 7^2\ldots\ldots\ldots$

14. 10 ਅਤੇ 250 ਦੇ ਵਿਚਕਾਰ 4 ਦੇ ਕਿੰਨੇ ਗੁਣਜ ਹਨ? (10 ਅਤੇ 250 ਨੂੰ ਨਹੀ ਲੈਣਾ) ਸਫਾ ਨੰ-118)

A) 48 B) 52C) 60 D) 70

15. ਨਿਰਮਾਣ ਕਾਰਜ ਨਾਲ ਸਬੰਧਿਤ ਕਿਸੇ ਠੇਕੇ ਵਿਚ ਕਿਸੇ ਨਿਸ਼ਚਿਤ ਮਿਤੀ ਤੋਂ ਬਾਅਦ ਕੰਮ ਦੇਰੀ ਨਾਲ ਪੂਰਾ ਕਰਨ ਲਈ, ਜੁਰਮਾਨਾ ਲਗਾਉਣ ਦੀ ਵਿਵਸਥਾ ਇਸ ਪ੍ਰਕਾਰ ਹੈ: ਪਹਿਲੇ ਦਿਨ ਦੇ ਲਈ 200ਰੁਪਏ, ਦੂਸਰੇ ਦਿਨ ਲਈ 250 ਰੁਪਏ, ਤੀਸਰੇ ਦਿਨ ਲਈ 300 ਰੁਪਏ ਆਦਿ ਭਾਵ ਹਰੇਕ ਅਗਲੇ ਦਿਨ ਦਾ ਜੁਰਮਾਨਾ ਆਪਣੇ ਤੋਂ ਠੀਕ ਪਹਿਲੇ ਦਿਨ ਦੇ ਜੁਰਮਾਨੇ ਨਾਲੋਂ 50 ਰੁਪਏ ਵੱਧ ਹੈ। ਇੱਕ ਠੇਕੇਦਾਰ ਨੂੰ ਜੁਰਮਾਨੇ ਦੇ ਰੂਪ ਵਿਚ ਕਿੰਨੀ ਰਕਮ ਦੇਣੀ ਪਵੇਗੀ? ਜੇਕਰ ਉਹ ਇਸ ਕੰਮ ਵਿਚ 30 ਦਿਨ ਦੀ ਦੇਰੀ ਕਰਦਾ ਹੈ। (ਸਫਾ ਨੰ-126)

A) 26450 B) 27750

C) 28750 D) 29450

(Hint: $a = 200, d = 50$)

16. ਇੱਕ ਆਲੂ ਦੌੜ ਵਿੱਚ ਆਰੰਭਿਕ ਸਥਾਨ ਤੇ ਇੱਕ ਬਾਲਟੀ ਰੱਖੀ ਹੋਈ ਹੈ ਜੋ ਪਹਿਲੇ ਆਲੂ ਤੋ 5 ਮੀਟਰ ਦੂਰ ਹੈ ਅਤੇ ਬਾਕੀ ਆਲੂਆਂ ਨੂੰ ਸਰਲ ਰੇਖਾ ਵਿੱਚ 3ਮੀ.ਦੀ ਆਪਸੀ ਦੂਰੀ ਤੇ ਰੱਖਿਆ ਗਿਆ ਹੈ। ਇਸ ਰੇਖਾ ਉੱਤੇ 10 ਆਲੂ ਰੱਖੇ ਗਏ ਹਨ।

ਹਰੇਕ ਪ੍ਰਤਿਯੋਗੀ ਬਾਲਟੀ ਤੋ ਚਲਣਾ ਸ਼ੁਰੂ ਕਰਦੀ




ਹੈ,ਨਜਦੀਕ ਤੋ ਨਜਦੀਕ ਵਾਲੇ ਆਲੂ ਨੂੰ ਚੁੱਕਦੀ ਹੈ,ਉਸਨੂੰ ਲੈ ਕੇ ਵਾਪਿਸ ਆ ਕੇ (ਦੋੜ) ਕੇ ਬਾਲਟੀ ਵਿੱਚ ਪਾ ਦਿੰਦੀ ਹੈ ,ਦੂਸਰਾ ਆਲੂ ਚੁੱਕਣ ਲਈ ਵਾਪਸ ਦੌੜਦੀ ਹੈ,ਉਸਨੂੰ ਚੁੱਕ ਕੇ ਵਾਪਿਸ ਪਾ ਦਿੰਦੀ ਹੈ,ਅਤੇ ਉਹ ਅਜਿਹਾ ਉਦੋ ਤੱਕ ਕਰਦੀ ਹੈ ਜਦੋ ਤੱਕ ਸਾਰੇ ਆਲੂ ਬਾਲਟੀ ਵਿੱਚ ਨਾ ਆ ਜਾਣ। ਇਸ ਵਿੱਚ ਪ੍ਰਤਿਯੋਗੀ ਨੂੰ ਕੁੱਲ ਕਿੰਨੀ ਦੂਰੀ ਤੈਅ ਕਰਨੀ ਪਵੇਗੀ?(ਸਫਾ ਨੰ-128)

A) 370 ਮੀ.B) 372 ਮੀ.

C) 374 ਮੀ. D) 376 ਮੀ.

(Hint: ਪਹਿਲੇ ਆਲੂ ਨੂੰ ਚੁੱਕ ਕੇ ਬਾਲਟੀ ਵਿਚ ਪਾਉਣ ਲਈ ਦੌੜੀ ਗਈ ਦੂਰੀ $=2\times 5$,

ਦੂਜੇ ਆਲੂ ਨੂੰ ਚੁੱਕ ਕੇ ਬਾਲਟੀ ਵਿਚ ਪਾਉਣ ਲਈ ਦੌੜੀ ਗਈ ਦੂਰੀ$=2\times(5+3) = 2\times 8$

ਇਸੇ ਤਰ੍ਹਾਂ ਤੀਜੇ ਆਲੂ ਨੂੰ ਚੁੱਕ ਕੇ ਬਾਲਟੀ ਵਿਚ ਪਾਉਣ ਲਈ ਦੌੜੀ ਗਈ ਦੂਰੀ $=2\times(5+3+3) = 2\times 11$,

ਧਿਆਨਯੋਗ ਗੱਲ ਇਹ ਹੈ ਕਿ ਪ੍ਰਤੀਯੋਗੀ ਹਰ ਵਾਰ ਬਾਲਟੀ ਤੋਂ ਹੀ ਚੱਲਣਾ ਸ਼ੁਰੂ ਕਰਦਾ ਹੈ)

17. ਇੱਕ ਪੌੜੀ ਦੇ ਲਗਾਤਾਰ ਡੰਡੇ ਆਪਸ ਵਿੱਚ 25 ਸਮ ਦੀ ਦੂਰੀ ਤੇ ਹਨ। (ਚਿੱਤਰ ਦੇਖੋ)। ਡੰਡਿਆਂ ਦੀ ਲੰਬਾਈ ਇੱਕ ਸਮਾਨ ਰੂਪ ਨਾਲ ਘੱਟਦੀ ਜਾਂਦੀ ਹੈ ਅਤੇ ਸਭ ਤੋ ਹੇਠਲੇ ਡੰਡੇ ਦੀ ਲੰਬਾਈ 45 ਸਮ ਹੈ ਅਤੇ ਸਭ ਤੋ ਉਪਰਲੇ ਡੰਡੇ ਦੀ ਲੰਬਾਈ 25 ਸਮ ਹੈ।ਜੇਕਰ ਉਪਰਲੇ ਅਤੇ ਹੇਠਲੇ ਡੰਡੇ ਦੇ ਵਿਚਕਾਰ ਦੀ ਦੂਰੀ $2\frac{1}{2}$ ਮੀ ਹੋਵੇ ਤਾਂ ਡੰਡਿਆਂ ਨੂੰ ਬਣਾਉਣ ਲਈ ਲੱਕੜੀ ਦੀ ਕਿੰਨੀ ਲੰਬਾਈ ਦੀ ਲੋੜ ਹੋਵੇਗੀ?(ਸਫਾ ਨੰ-129)




A) 380 ਸਮ B) 385 ਸਮ

C) 390 ਸਮ D) 395 ਸਮ

(Hint: $2\frac{1}{2}$ m = $\frac{5}{2}$ m = $\frac{500}{2}$ cm = 250 cm, ਇਸ ਕਰਕੇ ਡੰਡਿਆਂ ਦੀ ਸੰਖਿਆ $=\frac{250}{25}+1 = 11$,

a = 25, $a_n = 45$)

18. ਜੇਕਰ $\frac{6}{5}$, a, 4 ਅੰਕ ਗਣਿਤਕ ਲੜੀ ਵਿਚ ਹਨ ਤਾਂ a =? (NAS-2017)

A) 1 B) 13 C) $\frac{13}{5}$ D) $\frac{26}{5}$

19. ਕਿਸੇ ਅੰਕਗਣਿਤਕ ਲੜੀ ਦਾ ਪਹਿਲਾ ਪਦ a=1, nਵਾਂ ਪਦ $a_n$= 20 ਅਤੇ n ਪਦਾਂ ਦਾ ਜੋੜਫਲ $S_n$=399 ਹੈ ਤਾਂ n ਦਾ ਮਾਨ ਕਿੰਨਾ ਹੋਵੇਗਾ?(NAS-2017)

A) 19 B) 21C) 38 D) 42

20. ਜੇਕਰ $a_1, a_2, a_3, a_4, a_5, a_6, \ldots\ldots\ldots\ldots a_{21}$ ਸਾਂਝਾ ਅੰਤਰ d ਨਾਲ ਅੰਕ ਗਣਿਤਕ ਲੜੀ ਵਿਚ ਹੋਣ ਤਾਂ $a_1, a_5, a_9, a_{13}$ (NAS-2017)

A) ਸਾਂਝਾ ਅੰਤਰ =d ਨਾਲ ਅੰਕ ਗਣਿਤਕ ਲੜੀ ਵਿਚ ਹੋਣਗੇ।

B) ਸਾਂਝਾ ਅੰਤਰ = 16d ਨਾਲ ਅੰਕ ਗਣਿਤਕ ਲੜੀ ਵਿਚ ਹੋਣਗੇ।
C) ਸਾਂਝਾ ਅੰਤਰ = 4d ਨਾਲ ਅੰਕ ਗਣਿਤਕ ਲੜੀ ਵਿਚ ਹੋਣਗੇ।
D) ਅੰਕ ਗਣਿਤਕ ਲੜੀ ਵਿਚ ਨਹੀਂ ਹੋ ਸਕਦੇ।
(Hint: $a_n = a + (n-1)d$ , ਉਦਾਹਰਨ ਵਜੋਂ $a_5 = a + 4d$)

21. ਉਸ ਅੰਕ ਗਣਿਤਕ ਲੜੀ ਦਾ ਸਾਂਝਾ ਅੰਤਰ ਦੱਸੋ ਜਿਸ ਵਿਚ $a_{18} - a_{14} = 32$ ਹੋਵੇ:- (NAS-2017)
A) 8 B) -8 C) -4 D) 4

22. ਕਿਸੇ ਅੰਕ ਗਣਿਤਕ ਲੜੀ ਦੇ ਪਹਿਲੇ n ਪਦਾਂ ਦਾ ਜੋੜ $\frac{3n^2}{2} + \frac{5n}{2}$ ਹੈ।ਇਸ ਦਾ 25ਵਾਂ ਪਦ ਹੈ: (NTSE-2014)
A) 976 B) 76 C) 75 D) 975

23. ਹੇਠ ਲਿਖਿਆਂ ਵਿਚੋਂ ਕਿਹੜਾ ਕਿਸੇ ਅੰਕ ਗਣਿਤਕ ਲੜੀ ਦੇ ਪਹਿਲੇ n ਪਦਾਂ ਦੇ ਜੋੜਫਲ $S_n$ ਦਾ ਸੂਤਰ ਹੈ, ਜਿੱਥੇ a ਪਹਿਲਾ ਪਦ ਅਤੇ d ਸਾਂਝਾ ਅੰਤਰਹੈ:- (ਸਫਾ ਨੰ-130)
A) $S_n = \frac{n}{2}[2a + (n+1)d]$
B) $S_n = \frac{n}{2}[a + (n-1)d]$
C) $S_n = \frac{n}{2}[2a + (n-1)d]$
D) $S_n = n[2a + (n-1)d]$

24. ਕਿਸੇ ਅੰਕ ਗਣਿਤਕ ਲੜੀ ਦੇ ਪਹਿਲੇ 7 ਪਦਾਂ ਦਾ ਜੋੜ 49 ਅਤੇ ਪਹਿਲੇ 17 ਪਦਾਂ ਦਾ ਜੋੜ 289 ਹੋਵੇ ਤਾਂ ਉਸ ਲੜੀ ਦਾ 17ਵਾਂ ਪਦ ਹੈ:(NTSE-2014)
A) 33 B) 25C) 17 D) 29

25. ਜੇਕਰ ਅੰਕ ਗਣਿਤਕ ਲੜੀ ਵਿਚ pਵਾਂ ਪਦ $T_p=q$ ਅਤੇ qਵਾਂ ਪਦ $T_q=p$ ਹਨ ਤਾਂ ਉਸ ਲੜੀ ਦਾ mਵਾਂ ਪਦ $T_m$=_________ (NTSE-2017)
A) $p+q+m$ B) $p+q-m$
C) $p-q-m$ D) $p-q+m$
(Hint: $T_p = a + (p-1)d, T_q = a + (q-1)d$)

26. ਜੇਕਰ $a, b, c$ ਅੰਕਗਣਿਤਕ ਲੜੀ ਵਿਚ ਹੈ, ਤਾਂ $a$ ਅਤੇ $c$ ਦਾ ਅੰਕਗਣਿਤਕ ਮੱਧਮਾਨ ਕੀ ਹੋਵੇਗਾ?(ਸਫਾ ਨੰ: 130 )
A) $b = \frac{a-c}{2}$ B) $b = \frac{a+c}{2}$
C) $b = \frac{2}{a+c}$ D) ਇਹਨਾਂ ਵਿੱਚੋਂ ਕੋਈ ਨਹੀ।

27. ਮਿਲਾਣ ਕਰੋ:

| | |
|---|---|
| A) ਪਹਿਲੀਆਂ $n$ ਪ੍ਰਾਕ੍ਰਿਤਿਕ ਸੰਖਿਆਵਾਂ ਦਾ ਜੋੜ | $n(n+1)$ |
| B) ਪਹਿਲੀਆਂ $n$ ਜਿਸਤ ਸੰਖਿਆਵਾਂ ਦਾ ਜੋੜ | $n^2$ |
| C) ਪਹਿਲੀਆਂ $n$ ਟਾਂਕ ਸੰਖਿਆਵਾਂ ਦਾ ਜੋੜ | $\frac{n(n+1)}{2}$ |

## ਜਮਾਤ : ਦਸਵੀਂ ਨਿਰਦੇਸ਼ ਅੰਕ ਜਮਾਇਤੀ

1. x-ਧੁਰੇ ਤੇ ਸਥਿਤ ਕਿਸੇ ਬਿੰਦੂ ਦਾ ਕੋਟੀ ਕਿੰਨਾ ਹੋਵੇਗਾ?
A) x B) y C) 0 D) 1

2.ਨਿਰਦੇਸ਼ ਅੰਕ (3,-2) ਅਤੇ (7,4) ਨੂੰ ਮਿਲਾਉਣ ਵਾਲੇ ਰੇਖਾਖੰਡ ਦੇ ਮੱਧ ਬਿੰਦੂ ਦੇ ਨਿਰਦੇਸ਼ ਅੰਕ ਹੋਣਗੇ:-
A) (5,1) B) (10,2) C) (10,6) D) (5,-1)

3. ਨਿਰਦੇਸ਼ ਅੰਕ (-5,7) ਅਤੇ (-1,3) ਵਿਚਕਾਰਲੀ ਦੂਰੀ ਪਤਾ ਕਰੋ ।
A)$2\sqrt{13}$ ਇਕਾਈਆਂ B) $2\sqrt{29}$ ਇਕਾਈਆਂ
C) $4\sqrt{2}$ ਇਕਾਈਆਂ D) $2\sqrt{26}$ ਇਕਾਈਆਂ

4. ਜੇਕਰ ਬਿੰਦੂ A(2,3), B(4,0) ਅਤੇ C(6,-3) ਸਮਰੇਖੀ (ਚਿੱਤਰ ਅਨੁਸਾਰ) ਹਨ ਤਾਂ ਇਹਨਾਂ ਨੂੰ ਮਿਲਾਉਣ ਤੇ ਪ੍ਰਾਪਤ ਹੋਣ ਵਾਲੀ ਆਕ੍ਰਿਤੀ ਦਾ ਖੇਤਰਫਲ ਕਿੰਨਾ ਹੋਵੇਗਾ ?




A) 10 ਵਰਗ ਇਕਾਈਆਂ B)0ਵਰਗ ਇਕਾਈਆਂ
C) 4 ਵਰਗ ਇਕਾਈਆਂ D) 7 ਵਰਗ ਇਕਾਈਆਂ

5. ਨਿਰਦੇਸ਼ ਅੰਕ (7,2), (3,4) ਅਤੇ (0,0) ਤੋਂ ਬਣੇ ਤ੍ਰਿਭੁਜ ਦਾ ਖੇਤਰਫਲ ਹੋਵੇਗਾ:-
A) 13 ਵਰਗ ਇਕਾਈਆਂ
B) 2 ਵਰਗ ਇਕਾਈਆਂ
C) 10 ਵਰਗ ਇਕਾਈਆਂ
D) 22 ਵਰਗ ਇਕਾਈਆਂ



6. ਨਿਰਦੇਸ਼ ਅੰਕ (0,0) ਅਤੇ (36, 15) ਵਿਚਕਾਰਲੀ ਦੂਰੀ ਪਤਾ ਕਰੋ:- (NTSE-2016)

A) 36 ਇਕਾਈਆਂ B) 15 ਇਕਾਈਆਂ

C) 39 ਇਕਾਈਆਂ D) 21 ਇਕਾਈਆਂ

7. ਬਿੰਦੂ (x, 0) ਅਤੇ (2, −5) ਵਿਚਕਾਰਲੀ ਦੂਰੀ ਪਤਾ ਕਰੋ:-

A) $\sqrt{x^2 - 4x + 29}$ ਇਕਾਈਆਂ

B) $\sqrt{x^2 + 4x + 29}$ ਇਕਾਈਆਂ

C) $\sqrt{x^2 - 4x + 21}$ ਇਕਾਈਆਂ

D) $\sqrt{x^2 + 4x + 21}$ ਇਕਾਈਆਂ

8. ਬਿੰਦੂ (0, 1) ਅਤੇ (x, 6) ਵਿਚਕਾਰਲੀ ਦੂਰੀ ਪਤਾ ਕਰੋ:-

A) $\sqrt{x^2 + 25}$ ਇਕਾਈਆਂ

B) $\sqrt{x^2 + 49}$ ਇਕਾਈਆਂ

C) $\sqrt{x^2 - 25}$ ਇਕਾਈਆਂ

D) $\sqrt{x^2 - 49}$ ਇਕਾਈਆਂ

9. ਇੱਕ ਰੇਖਾ ਖੰਡ AB ਦਾ ਮੱਧ ਬਿੰਦੂ M ਹੈ AM ਅਤੇ BM ਦਾ ਅਨੁਪਾਤ ਹੈ:

A) 1:2 B) 2:1

C) 3:1 D) 1:1




10. ਉਸ ਬਿੰਦੂ ਦੇ ਨਿਰਦੇਸ਼ ਅੰਕ ਪਤਾ ਕਰੋ ਜੋ ਬਿੰਦੂਆਂ (1,6) ਅਤੇ (4,2) ਨੂੰ ਮਿਲਾਉਣ ਵਾਲੇ ਰੇਖਾ ਖੰਡ ਨੂੰ ਅੰਦਰੂਨੀ 2:3 ਵਿੱਚ ਵੰਡਦਾ ਹੈ:-

A) $\left(\frac{17}{5}, \frac{17}{5}\right)$ B) $\left(\frac{14}{5}, \frac{13}{5}\right)$

C) $\left(\frac{22}{5}, \frac{13}{5}\right)$ D) $\left(\frac{11}{5}, \frac{22}{5}\right)$

11. ਨਿਰਦੇਸ਼ ਅੰਕ (3,2), (−2, −3) ਅਤੇ (2,3) ਤੋਂ ਬਣੇ ਤ੍ਰਿਭੁਜ ਦੀ ਕਿਸਮ ਦੱਸੋ:-

**[ਸੰਕੇਤ: ਦੂਰੀ ਸੂਤਰ ਦੀ ਸਹਾਇਤਾ ਨਾਲ ਤ੍ਰਿਭੁਜ ਦੀਆਂ ਭੁਜਾਵਾਂ ਦੀਆਂ ਲੰਬਾਈਆਂ ਪਤਾ ਕਰੋ]**

A) ਸਮਭੁਜੀ B) ਬਿਖਮਭੁਜੀ C) ਸਮਦੋਭੁਜੀ

12. ਨਿਰਦੇਸ਼ ਅੰਕ (0,0), (6,0), (6,4) ਅਤੇ (0, 4) ਹੇਠ ਲਿਖਿਆਂ ਵਿੱਚੋ ਕਿਸ ਦੇ ਕ੍ਰਮਵਾਰ ਸਿਖਰ ਹੋ ਸਕਦੇ ਹਨ:-

A) ਵਰਗ B) ਆਇਤ

C) ਪਤੰਗ D) ਸਮਚਤਰਭੁਜ

13. ਨਿਰਦੇਸ਼ ਅੰਕ A(6,4) ਅਤੇ B(0,8) ਨੂੰ ਮਿਲਾਉਣ ਵਾਲੇ ਰੇਖਾ ਖੰਡ AB ਤੇ ਕ੍ਰਮਵਾਰ ਬਿੰਦੂ C,D ਅਤੇ E ਇਸ ਤਰ੍ਹਾਂ ਸਥਿਤ ਹਨ ਕਿ ਇਹ ਰੇਖਾਖੰਡ AB ਨੂੰ ਚਾਰ ਬਰਾਬਰ ਭਾਗਾਂ ਵਿੱਚ ਵੰਡਦੇ ਹਨ। ਬਿੰਦੂ C ਦੇ ਨਿਰਦੇਸ਼ ਅੰਕ ਪਤਾ




ਕਰੋ:-

A) (7,5) B) (8,6) C) (9/2,5) D) (4,6)

14. ਚਤਰਭੁਜ ਦਾ ਖੇਤਰਫਲ ਪਤਾ ਕਰੋ ਜਿਸ ਦੇ ਸਿਖਰ ਕ੍ਰਮਵਾਰ (−4,−2),(−3,−5),(3,−2) ਅਤੇ (2,3) ਹਨ

A) 28 ਵਰਗ ਇਕਾਈਆਂ B) 25 ਵਰਗ ਇਕਾਈਆਂ

C) 30 ਵਰਗ ਇਕਾਈਆਂ D) 21 ਵਰਗ ਇਕਾਈਆਂ

15. ਇੱਕ ਚੱਕਰ ਦੇ ਵਿਆਸ ਦੇ ਸਿਖਰਾਂ ਦੇ ਨਿਰਦੇਸ਼ ਅੰਕ (5,4) ਅਤੇ (−3,−2) ਹਨ, ਚੱਕਰ ਦੇ ਕੇਂਦਰ ਦੇ ਨਿਰਦੇਸ਼ ਅੰਕ ਹੋਣਗੇ:-

A) (1,1) B) (4,3)

C) (−4,−3) D) (−1, −1)




16. ਪ੍ਰਸ਼ਨ ਨੰ. 15 ਵਿਚਲੇ ਚੱਕਰ ਦਾ ਅਰਧ ਵਿਆਸ ਪਤਾ ਕਰੋ:-

A) 2 ਇਕਾਈਆਂ B) 1 ਇਕਾਈ

C) 5 ਇਕਾਈਆਂ D) 7 ਇਕਾਈਆਂ

17. ਚਿੱਤਰ-1 ਵਿੱਚ ਜੇਕਰ $AP = \frac{3}{7}AB$ ਹੈ ਤਾਂ $\frac{AP}{PB}$




ਚਿੱਤਰ-1

A) $\frac{7}{3}$ B) $\frac{4}{3}$ C) $\frac{3}{7}$ D) $\frac{3}{4}$

18. ਚਿੱਤਰ-1 ਵਿੱਚ ਜੇਕਰ $PB = \frac{2}{5}AB$ ਹੈ ਤਾਂ $AP:PB$ ਹੋਵੇਗਾ:-

A) 2:3 B) 3:2 C) 2:5 D) 5:2

19. ABCD 20 ਵਰਗ ਇਕਾਈਆਂ ਖੇਤਰਫਲ ਵਾਲਾ ਇੱਕ ਵਰਗ ਹੈ ਜਿਸ ਦਾ ਸਿਖਰ A ਮੂਲ ਬਿੰਦੂ ਤੇ ਸਥਿਤ ਹੈ, ਜੇਕਰ ਇਸ ਦੇ ਵਿਕਰਣ AC ਦੇ ਮੱਧ ਬਿੰਦੂ ਦੇ ਨਿਰਦੇਸ਼ ਅੰਕ $\left(\frac{p}{2},1\right)$ ਹੋਣ ਤਾਂ p ਦਾ ਮੁੱਲ ਪਤਾ ਕਰੋ:-(NTSE-2015)

A) $\pm 6$ B) $\pm 20$ C) $\pm 10$ D) $\pm 36$

20. ਚਾਰ ਬਿੰਦੂਆਂ P(−2,2), Q(2,−4), R(−3,−4) ਅਤੇ S(−5,−5) ਵਿੱਚੋਂ ਕਿਹੜਾ ਦੂਜੀ ਚੌਥਾਈ ਵਿੱਚ ਸਥਿਤ ਹੈ? (NAS 2017-18)

A) P B) Q C) R D) S

21. ਦੋ ਬਿੰਦੂਆਂ $(4,q)$ ਅਤੇ $(1,0)$ ਵਿਚਕਾਰਲੀ ਦੂਰੀ 5 ਇਕਾਈਆਂ ਹੋਵੇ ਤਾਂ q ਦਾ ਮੁੱਲ ਪਤਾ ਕਰੋ:−(NTSE-2017)

A) 4 B) −4 C) $\pm 4$ D) 0

22. ਚਿੱਤਰ ਵਿੱਚ ਦਰਸਾਏ ਅਨੁਸਾਰ A $(x_1, y_1)$, B $(x_2, y_2)$ ਅਤੇ C $(x_3, y_3)$ ਤ੍ਰਿਭੁਜ ਦੇ ਸਿਖਰ ਹਨ। ਬਿੰਦੂ G$\left(\frac{x_1+x_2+x_3}{3}, \frac{y_1+y_2+y_3}{3}\right)$ਹੈ, ਬਿੰਦੂ G ਤ੍ਰਿਭੁਜ ABC ਦਾ:−




A) ਕੇਂਦਰਕ ਹੈ

B) ਅੰਤਰ ਕੇਂਦਰ ਹੈ

C) ਪਰਿਕੇਂਦਰ ਹੈ

D) ਲੰਬ ਕੇਂਦਰ ਹੈ

| ਜਮਾਤ: ਦਸਵੀਂ | ਪਾਠ: ਤ੍ਰਿਭੁਜ |
|---|---|

1.ਜੇ ΔABC≅ΔPQR ਹੈ ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ?

(A) B↔R (B) C↔Q

(C) A↔R (D) A↔P

2.ਦਿੱਤੇ ਗਏ ਚਿੱਤਰ ਵਿੱਚ DE||BC ਹੈ। ਜੇ AD = 2cm, AB = 5cm ਅਤੇ BC = 7.5cm ਤਾਂ DE ਦਾ ਮੁੱਲ ਪਤਾ ਕਰੋ।




ਚਿੱਤਰ-1

A. 1.5cm B. 2.5cm

C. 3cm D. 5cm

3.ਚਿੱਤਰ-1 ਵਿੱਚ DE||BC ਹੈ।ਜੇ AD = 5cm , DB = 8cm ਅਤੇ AE = 7.5cm ਹੈ ਤਾਂ EC=?

(A)8cm (B) 12cm

(C)13cm (D) 15cm

4.ਚਿੱਤਰ-1 ਵਿੱਚ DE||BC ਹੈ।ਜੇ AD = 25cm, AE = 10cm, BD = (x+3)cm ਅਤੇ EC = xcm ਤਾਂ x ਦਾ ਮੁੱਲ ਹੈ :

A) 2cm (B)3cm (C) 4cm (D)5cm

5.ਦਿੱਤਾ ਹੈ ΔABC~ΔPQR ਅਤੇ $\frac{ar\ (ABC)}{ar\ (PQR)} = \frac{16}{25}$ ਜੇ AB = 10cm, ਤਾਂ PQ = ______

(A)10cm (B) 15cm (C) 20cm (D) 25cm

6.ਚਿੱਤਰ ਦਾ ਅਧਿਐਨ ਕਰਕੇ ਹੇਠ ਲਿਖਿਆਂ ਵਿੱਚੋਂ ਸਹੀ ਕਥਨ ਚੁਣੋ:







(A) ∠P= ∠A (B) ∠P= ∠B (C) ∠P= ∠C

7.ABC ਅਤੇ BDE ਦੋ ਸਮਭੁਜੀ ਤ੍ਰਿਭੁਜਾਂ ਇਸ ਪ੍ਰਕਾਰ ਹਨ ਕਿ D ਭੁਜਾ BC ਦਾ ਮੱਧ ਬਿੰਦੂ ਹੈ। ਤ੍ਰਿਭੁਜਾਂ ABC ਅਤੇ BDE ਦੇ ਖੇਤਰਫਲਾਂ ਦਾ ਅਨੁਪਾਤ ਹੈ :

(A)2:1 (B)1:2 (C)4:1 (D)1:4

8.ਦੋ ਸਮਰੂਪ ਤ੍ਰਿਭੁਜਾਂ ਦੀਆਂ ਭੁਜਾਵਾਂ 4:9 ਦੇ ਅਨੁਪਾਤ ਵਿੱਚ ਹਨ। ਇਹਨਾ ਤ੍ਰਿਭੁਜਾਂ ਦੇ ਖੇਤਰਫਲਾਂ ਦਾ ਅਨੁਪਾਤ ਹੈ:

A )2:3 (B) 4:9 (C) 81:16 (D) 16:81

9.ਇੱਕ ਪੌੜੀ ਕਿਸੇ ਦੀਵਾਰ ਨਾਲ ਇਸ ਤਰ੍ਹਾ ਟਿਕੀ ਹੋਈ ਹੈ ਕਿ ਇਸ ਦਾ ਹੇਠਲਾ ਸਿਰਾ ਕੰਧ ਤੋਂ 2.5m ਦੀ ਦੂਰੀ ਤੇ ਹੈ ਅਤੇ ਇਸ ਦਾ ਉਪਰਲਾ ਸਿਰਾ ਜਮੀਨ ਤੋਂ 6m ਦੀ ਉਚਾਈ ਤੇ ਬਣੀ ਇੱਕ ਖਿੜਕੀ ਤੱਕ ਪਹੁੰਚਦਾ ਹੈ। ਪੌੜੀ ਦੀ ਲੰਬਾਈ ਪਤਾ ਕਰੋ:

A) 7.5m (B) 6.5m (C) 6m (D) 5m

10. ΔABC ਵਿੱਚ AB= 6√3cm , AC = 12cm ਅਤੇ BC = 6cm ਹੈ ਤਾਂ ਕੋਣ B ਹੈ :

A) $120^0$ (B) $60^0$ (C) $90^0$ (D) $45^0$

11.ਇੱਕ ਹਵਾਈ ਜਹਾਜ਼ ਹਵਾਈ ਅੱਡੇ ਤੋਂ ਉੱਪਰ ਵੱਲ 1000km/h ਦੀ ਚਾਲ ਨਾਲ ਉੱਡਦਾ ਹੈ। ਉਸ ਸਮੇਂ ਇੱਕ ਹੋਰ ਹਵਾਈ ਜਹਾਜ਼ ਉਸੇ ਹਵਾਈ ਅੱਡੇ ਤੋਂ ਪੱਛਮ ਵੱਲ 1200km/h ਦੀ ਚਾਲ ਨਾਲ ਉੱਡਦਾ ਹੈ । $1\frac{1}{2}$ ਘੰਟੇ ਬਾਅਦ ਦੋਵਾਂ ਹਵਾਈ ਜਹਾਜ਼ਾਂ ਦੀ ਵਿਚਕਾਰਲੀ ਦੂਰੀ ਕਿੰਨੀ ਹੋਵੇਗੀ ?

A)250√61 km (B) 200√61 km
(C) 300√61 km (D) 350√61 km

12.ਇੱਕ ਸਮਕੋਣ ਤ੍ਰਿਭੁਜ ਦੀਆ ਸਮਕੋਣ ਬਣਾਉਣ ਵਾਲੀਆਂ ਭੁਜਾਵਾਂ ਦੀ ਲੰਬਾਈ 16ਸਮ ਅਤੇ 8ਸਮ ਹੈ। ਉਸ ਵੱਡੇ ਤੋਂ ਵੱਡੇ ਵਰਗ ਜੋਕਿ ਇਸ ਤ੍ਰਿਭੁਜ ਦੇ ਅੰਦਰ ਬਣਾਇਆ ਜਾ ਸਕਦਾ ਹੈ ਦੀ ਭੁਜਾ ਦੀ ਲੰਬਾਈ ਹੋਵੇਗੀ:

(A) 16/3 cm (B)8√3 cm
(C)8√5cm (D) 8cm

13.ΔABC ਵਿੱਚ AD , ∠A ਦਾ ਸਮਦੁਭਾਜਕ ਹੈ ਜੋ ਕਿ ਭੁਜਾ BC ਨੂੰ ਬਿੰਦੂ D ਉੱਤੇ ਕੱਟਦਾ ਹੈ । ਜੇਕਰ BC = k cm, CA = ℓ cmਅਤੇ AB = m cm ਹੋਵੇ ਤਾਂ DC ਦੀ ਲੰਬਾਈ ਹੋਵੇਗੀ :

A)$\frac{kl}{m+l}$ (B)$\frac{k(m+l)}{l}$ (C) $\frac{km}{m+l}$ (D) $\frac{k(m+l)}{m}$

14.ਇੱਕ ਸਮਭੁਜੀ ਤ੍ਰਿਭੁਜ ਦੇ ਸਿਖਰਲੰਬਾਂ ਦੀ ਲੰਬਾਈ P cm ਹੈ। ਉਸ ਤ੍ਰਿਭੁਜ ਦਾ ਖੇਤਰਫਲ ਹੋਵੇਗਾ :

A) $P^2$ $cm^2$ (B) $\frac{\sqrt{3}}{2}P^2$ $cm^2$
(C) $(P^2/\sqrt{3})$ $cm^2$ (D) $\frac{\sqrt{3}}{4}P^2$ $cm^2$

**ਜਮਾਤ: ਨੌਵੀਂ ਅਧਿਆਇ:- ਚੱਕਰ-1**

1. ਕਿਸੇ ਚੱਕਰ ਉੱਤੇ ਸਥਿਤ ਸਾਰੇ ਬਿੰਦੂ ਇਸ ਦੇ ਕੇਂਦਰ ਤੋਂ (ਨੌਵੀਂ ਸਫਾ: 203)

A) ਅਨਿਸ਼ਚਿਤ ਦੂਰੀ ਤੇ ਹੁੰਦੇ ਹਨ।
B) ਸਮਾਨ ਦੂਰੀ ਤੇ ਹੁੰਦੇ ਹਨ।
C) ਅਸਮਾਨ ਦੂਰੀ ਤੇ ਹੁੰਦੇ ਹਨ।
D) ਇਨ੍ਹਾਂ ਵਿਚੋਂ ਕੋਈ ਨਹੀਂ।

2. ਕੇਂਦਰ ਨੂੰ ਚੱਕਰ ਦੇ ਕਿਸੇ ਬਿੰਦੂ ਨਾਲ ਮਿਲਾਉਣ ਵਾਲਾ ਰੇਖਾਖੰਡ ਚੱਕਰ ਦਾ _________ ਕਹਾਉਂਦਾ ਹੈ:-

A) ਵਿਆਸ B) ਅਰਧਵਿਆਸ
C) ਜੀਵਾ D) ਸਪਰਸ਼ ਰੇਖਾ

3. ਇੱਕ ਚੱਕਰ ਉਸ ਤੱਲ, ਜਿਸ ਵਿਚ ਉਹ ਸਥਿਤ ਹੈ, ਨੂੰ ਕਿੰਨੇ ਭਾਗਾਂ ਵਿਚ ਵੰਡਦਾ ਹੈ

A) 2 B)3 C) 4 D) ਇਹਨਾਂ ਵਿਚੋਂ ਕੋਈ ਨਹੀਂ

4. ਉਹ ਜੀਵਾ ਜੋ ਚੱਕਰ ਦੇ ਕੇਂਦਰ ਵਿਚੋਂ ਲੰਘਦੀ ਹੈ, ਉਸ ਨੂੰ ਕੀ ਕਹਿੰਦੇ ਹਨ? (ਨੌਵੀਂ ਪੇਜ 204)

A) ਚੱਕਰ ਦਾ ਅਰਧ ਵਿਆਸ
B) ਚੱਕਰ ਦੀ ਸਪਰਸ਼ ਰੇਖਾ
C) ਚੱਕਰ ਦਾ ਵਿਆਸ
D) ਚੱਕਰ ਦੀ ਛੇਦਕ ਰੇਖਾ

5. ਚੱਕਰ ਦਾ ਵਿਆਸ ਉਸ ਦੇ ਅਰਧ ਵਿਆਸ ਦਾ ਕਿੰਨੇ ਗੁਣਾ ਹੁੰਦਾ ਹੈ? (ਨੌਵੀਂ ਸਫਾ: 204)

A) ਦੁੱਗਣਾ B) ਤਿੰਨ ਗੁਣਾ C)ਅੱਧਾ D)ਬਰਾਬਰ

6. ਇੱਕ ਚੱਕਰ ਦੇ ਕਿੰਨੇ ਵਿਆਸ ਖਿੱਚੇ ਜਾ ਸਕਦੇ ਹਨ:-

A) 1 B) 2 C) ਅਣਗਿਣਤ D) ਕੋਈ ਹੋਰ

7. ਚੱਕਰ ਦੇ ਘੇਰੇ ਤੇ ਸਥਿਤ ਦੋ ਬਿੰਦੂਆਂ ਦੇ ਵਿਚਕਾਰ ਦੇ ਚੱਕਰ ਦੇ ਭਾਗ ਨੂੰ ਕੀ ਕਹਿੰਦੇ ਹਨ

A) ਜੀਵਾ B) ਅਰਧ ਵਿਆਸ C) ਚਾਪ D) ਵਿਆਸ

8. ਚੱਕਰ ਉੱਤੇ ਸਥਿਤ ਦੋ ਬਿੰਦੂਆਂ ਵਿਚਕਾਰਲੀ ਸਿੱਧੀ ਦੂਰੀ ਨੂੰ ________ ਕਹਿੰਦੇ ਹਨ।

A) ਜੀਵਾ B) ਚਾਪ
C) ਅਰਧ ਵਿਆਸ D) ਵਿਆਸ

9. ਚੱਕਰ ਦੀ ਸੱਭ ਤੋਂ ਲੰਬੀ ਜੀਵਾ ਚੱਕਰ ਨੂੰ ਕਿੰਨੇ ਬਰਾਬਰ ਭਾਗਾਂ ਵਿੱਚ ਵੰਡਦੀ ਹੈ?

A) 1 B) 2 C) 3 D) 4

10. ਪੂਰੇ ਚੱਕਰ ਦੀ ਲੰਬਾਈ ਨੂੰ ਕੀ ਕਹਿੰਦੇ ਹਨ:-

A) ਵਿਆਸ B) ਅਰਧ ਵਿਆਸ
C) ਪਰਿਮਾਪ D) ਅਰਧ ਪਰਿਮਾਪ

11. ਜੀਵਾ ਅਤੇ ਹਰੇਕ ਚਾਪ ਦੇ ਵਿਚਕਾਰਲੇ ਭਾਗ ਨੂੰ ਕਹਿੰਦੇ ਹਨ:-

A) ਚੱਕਰਖੰਡ B) ਅਰਧ ਵਿਆਸੀ ਚੱਕਰਖੰਡ
C) ਅਰਧ ਚੱਕਰ D) ਕੋਈ ਹੋਰ

12. ਕਿਸੇ ਚੱਕਰ ਦੀਆਂ ਦੋ ਸਰਬੰਗਸਮ ਚਾਪਾਂ ਉਸ ਦੇ ਕੇਂਦਰ ਉੱਤੇ ਸਮਾਨ ਕੋਣ ਬਣਾਉਂਦੀਆਂ ਹਨ। (ਸਹੀ/ਗਲਤ)

13. ਕਿਸੇ ਚੱਕਰ ਦੀਆਂ ਦੋ ਸਮਾਨ ਜੀਵਾਵਾਂ ਉਸ ਦੇ ਕੇਂਦਰ ਉੱਤੇ ਸਮਾਨ ਕੋਣ ਬਣਾਉਂਦੀਆਂ ਹਨ। (ਸਹੀ/ਗਲਤ)

14. ਕਿਸੇ ਚੱਕਰ ਦੀਆਂ ਦੋ ਜੀਵਾਵਾਂ ਅਸਮਾਨ ਹੋਣ ਤਾਂ ਵੱਡੀ ਜੀਵਾ ਚੱਕਰ ਦੇ ਕੇਂਦਰ ਤੇ ਛੋਟਾ ਕੋਣ ਅਤੇ ਛੋਟੀ ਜੀਵਾ ਕੇਂਦਰ ਤੇ ਵੱਡਾ ਕੋਣ ਬਣਾਉਂਦੀ ਹੈ। (ਸਹੀ/ਗਲਤ)

15. ਇੱਕ ਚੱਕਰ ਦੇ ਕੇਂਦਰ ਤੋਂ ਕਿਸੇ ਜੀਵਾ ਉੱਤੇ ਖਿੱਚਿਆ ਲੰਬ, ਜੀਵਾ ਨੂੰ ਸਮਦੁਭਾਜਿਤ ਕਰਦਾ ਹੈ।
(ਸਹੀ/ਗਲਤ)

16. ਤਿੰਨ ਅਸਮਰੇਖੀ ਬਿੰਦੂਆਂ ਵਿਚੋਂ ਲੰਘਣ ਵਾਲਾ ਅਸੀਂ ਇੱਕ ਅਤੇ ਸਿਰਫ ਇੱਕ ਚੱਕਰ ਖਿੱਚ ਸਕਦੇ ਹਾਂ।
(ਸਹੀ/ਗਲਤ) (ਨੌਵੀ ਪੇਜ 210)

17. ਤਿੰਨ ਸਮਰੇਖੀ ਬਿੰਦੂਆਂ ਵਿਚੋਂ ਲੰਘਣ ਵਾਲਾ ਅਸੀਂ ਇੱਕ ਚੱਕਰ ਖਿੱਚ ਸਕਦੇ ਹਾਂ।
(ਸਹੀ/ਗਲਤ)

18. ਚੱਕਰ ਦੀਆਂ ਦੋ ਸਮਾਨ ਜੀਵਾਵਾਂ ਕੇਂਦਰ ਤੋਂ ਸਮਾਨ ਦੂਰੀ ਤੇ ਹੁੰਦੀਆਂ ਹਨ।
(ਸਹੀ/ਗਲਤ)

19. ਚਿੱਤਰ ਵਿੱਚ, AB ਅਤੇ CD, ਕੇਂਦਰ O ਵਾਲੇ ਇੱਕ ਚੱਕਰ ਦੀਆਂ ਦੋ ਜੀਵਾਵਾਂ ਹਨ।
ਜੇਕਰ AB=CD=10 ਸਮ,
∠AOB = 85° ਹੋਵੇ
ਤਾਂ ∠COD ਹੋਵੇਗਾ:-




A) 95° B) 75
C) 85° D)100°

20. AB ਅਤੇ CD, ਕੇਂਦਰ O ਵਾਲੇ ਇੱਕ ਚੱਕਰ ਦੀਆਂ ਦੋ ਜੀਵਾਵਾਂ ਹਨ। ਜੇਕਰ AB = 15 ਸਮ, ∠AOB = 88° ਹੋਵੇ ਤਾਂ ∠COD = 88° ਹੋਵੇ ਤਾਂ CD = ?
A) 15 ਸਮ B) 20 ਸਮ
C) 30 ਸਮ D) 7.5 ਸਮ

21. ਕਿਸੇ ਚਾਪ ਦੁਆਰਾ ਕੇਂਦਰ ਉੱਤੇ ਬਣਾਇਆ ਕੋਣ ਚੱਕਰ ਦੇ ਬਾਕੀ ਹਿੱਸੇ ਦੇ ਕਿਸੇ ਬਿੰਦੂ ਉੱਤੇ ਬਣਾਏ ਕੋਣ ............ ਹੁੰਦਾ ਹੈ:
A) ਦੇ ਬਰਾਬਰ B) ਤੋਂ ਅੱਧਾ
C) ਤੋਂ ਦੁਗਣਾ D) ਕੋਈ ਹੋਰ

22. ਇੱਕ ਹੀ ਚੱਕਰਖੰਡ ਵਿਚ ਬਣੇ ਕੋਣ ਕਦੇ ਵੀ ਸਮਾਨ ਨਹੀਂ ਹੁੰਦੇ। (ਸਹੀ/ਗਲਤ)

23. ਕਿਸੇ ਚੱਕਰੀ ਚਤੁਰਭੁਜ ਦੇ ਸਨਮੁਖ ਕੋਣਾਂ ਦਾ ਜੋੜ .......... ਹੁੰਦਾ ਹੈ।
A) 100° B) 180° C) 90° D) 360°

24. ਚਿੱਤਰ ਵਿਚ, O ਚੱਕਰ ਦਾ ਕੇਂਦਰ ਹੈ। ਜੇਕਰ
∠AOB =80° ਹੋਵੇ ਤਾਂ
∠APB ਹੋਵੇਗਾ:-




A) 80° B) 160°
C) 40° D) 360°

25. ਚਿੱਤਰ ਵਿਚ, O ਚੱਕਰ ਦਾ ਕੇਂਦਰ ਹੈ। ਜੇਕਰ
∠PTQ =35° ਹੋਵੇ ਤਾਂ
∠POQ ਹੋਵੇਗਾ:-




A) $35^0$ B) $70^0$
C) 105° D) 90°

26. ∠APB ਅਤੇ ∠AQB ਇੱਕ ਹੀ ਚੱਕਰ ਖੰਡ ਵਿਚ ਬਣੇ ਕੋਣ ਹਨ।
ਜੇਕਰ ∠AQB =70°
ਹੋਵੇ ਤਾਂ ∠APB ਹੋਵੇਗਾ:-




A) 70° B) 90°
C) 140° D) 35°

27. ਚਿੱਤਰ ਵਿੱਚ ਕੇਂਦਰ O ਵਾਲੇ ਇੱਕ ਚੱਕਰ ਉੱਤੇ ਤਿੰਨ ਬਿੰਦੂ A,B ਅਤੇ C ਇਸ ਤਰ੍ਹਾਂ ਹਨ
ਕਿ ∠BOC =60° ਅਤੇ
∠AOB =30° ਹੈ।
ਜੇਕਰ ਚਾਪ ABC ਦੇ ਇਲਾਵਾ ਚੱਕਰ ਤੇ D ਇੱਕ ਬਿੰਦੂ ਹੈ ਤਾਂ∠ADC ਹੋਵੇਗਾ:-




(ਨੌਵੀ ਪੇਜ 221)

A) 90° B) 45° C) 30° D) 15°

28. ਚਿੱਤਰ ਵਿੱਚ ∠ABC=69°
ਅਤੇ ∠ACB =31° ਹੋਵੇ ਤਾਂ
∠BDC ਹੋਵੇਗਾ:-




A) 100° B) 38° C) 90° D) 80°

## ਜਮਾਤ- ਦਸਵੀਂ ਪਾਠ – ਚੱਕਰ-2

1. ਸਹੀ ਮਿਲਾਣ ਕਰੋ:

| | |
|---|---|
| ਚੱਕਰ ਦਾ ਪਰਿਮਾਪ | $2r$ |
| ਚੱਕਰ ਦਾ ਖੇਤਰਫਲ | $\pi r$ |
| ਵਿਆਸ | $2\pi r$ |
| ਅਰਧ ਚੱਕਰ ਦਾ ਪਰਿਮਾਪ | $\pi r^2$ |

2.ਹੇਠ ਲਿਖਿਆਂ ਵਿੱਚੋਂ ਕਿਹੜੀ ਆਕ੍ਰਿਤੀ ਚੱਕਰ ਦੀ ਸਪਰਸ਼ ਰੇਖਾ ਨੂੰ ਦਰਸਾਉਂਦੀ ਹੈ।



A ) (B) (C) (D)

3.ਚੱਕਰ ਦੇ ਬਾਹਰੀ ਬਿੰਦੂ ਤੋਂ ਚੱਕਰ ਨੂੰ ਕਿੰਨੀਆਂ ਸਪਰਸ਼ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ:-

A ) 0 (B) 1 (C) 2 (D) 3

4.ਚੱਕਰ ਦੇ ਅੰਦਰੂਨੀ ਬਿੰਦੂ ਤੋਂ ਚੱਕਰ ਨੂੰ ਕਿੰਨੀਆਂ ਸਪਰਸ਼ ਰੇਖਾਵਾਂ ਖਿੱਚੀਆਂ ਜਾ ਸਕਦੀਆਂ ਹਨ:-

A) ਕੋਈ ਨਹੀਂ (B) 1 (C) 2 (D) 3

5.ਜੇਕਰ PA ਅਤੇ PB ਚੱਕਰ ਦੀਆਂ ਦੋ ਸਪਰਸ਼ ਰੇਖਾਵਾਂ ਹੋਣ ਜਿਥੇ P ਚੱਕਰ ਦਾ ਬਾਹਰੀ ਬਿੰਦੂ ਹੋਵੇ ਤਾਂ

(A )PA > PB (B) PA=PB

(C) PA< PB (D) ਇਹਨਾ ਵਿੱਚੋਂ ਕੋਈ ਨਹੀਂ

6.ਚੱਕਰ ਦੀ ਛੇਦਕ ਰੇਖਾ ਚੱਕਰ ਨੂੰ ਕਿੰਨੇ ਬਿੰਦੂਆਂ ਤੇ ਕੱਟਦੀ ਹੈ:-

A) 0 (B)1

(C) 2 (D)ਇਹਨਾਂ ਵਿੱਚੋਂ ਕੋਈ ਨਹੀਂ

7.ਚੱਕਰ ਦੀ ਸਪਰਸ਼ ਰੇਖਾ ਸਪਰਸ਼ ਬਿੰਦੂ ਤੇ ਚੱਕਰ ਦੇ ਅਰਧ ਵਿਆਸ ਨਾਲ ਕਿੰਨ੍ਹੇ ਡਿਗਰੀ ਦਾ ਕੋਣ ਬਣਾਉਂਦੀ ਹੈ:-

A) $30^0$ (B) $45^0$

(C) $60^0$ (D) $90^0$

